ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 14 ਜੂਨ 2024 (ਨਾਨਕਸ਼ਾਹੀ ਸੰਮਤ : ੫੫੬, ੧ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243



## ਹਾੜ੍ਹ ਮਹੀਨੇ ਦੀ ਸੰਗਰਾਂਦ ਅੱਜ

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਹਾੜ੍ਹ ਮਹੀਨੇ ਦੀ ਸੰਗਰਾਂਦ ਅੱਜ। ਦੇਸ਼-ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।

## ਸਾਵਧਾਨ ! 4000 ਕਿਊਸਿਕ ਪਾਣੀ ਸਤਲੁਜ ਦਰਿਆ 'ਚ ਛੱਡਿਆ ਗਿਆ, ਐਡਵਾਈਜ਼ਰੀ ਜਾਰੀ

**ਚੰਡੀਗੜ੍ਹ**, 13 ਜੂਨ (ਆਵਾਜ਼ਿ ਕੌਮ ਬਿਊਰੋ)-ਭਾਖੜਾ ਅਤੇ ਪੌਂਗ ਡੈਮ 'ਚ ਔਸਤ ਤੋਂ ਜ਼ਿਆਦਾ ਵਧਿਆ ਪਾਣੀ ਦਾ ਪੱਧਰ, ਜੋ ਕਿ ਪੰਜਾਬੀਆਂ ਦੇ ਲਈ ਚਿੰਤਾ ਦਾ ਵਿਸ਼ਾ ਹੈ। ਭਾਖੜਾ 'ਚ 1584 ਫੁੱਟ ਤੇ ਪੌਂਗ 'ਚ 1313 ਫੁੱਟ ਪਾਣੀ ਪੱਧਰ ਵਧਿਆ ਹੈ। ਮੌਨਸੂਨ ਦੇ ਆਉਣ ਤੋਂ ਪਹਿਲਾਂ ਡੈਮ 'ਚ ਪਾਣੀ ਦਾ ਪੱਧਰ ਵਧ ਗਿਆ ਹੈ। ਪਿਛਲੇ 60 ਸਾਲਾਂ ਦੇ ਮੁਕਾਬਲੇ 12 ਜੂਨ ਤੱਕ ਪਹਿਲੀ ਵਾਰ ਪਾਣੀ ਵਧਿਆ ਹੈ। ਹੀਟ ਵੇਵ ਕਰਕੇ ਪਿਘਲੇ ਗਲੇਸ਼ੀਅਰ ਪਿਗਲਣ ਕਰਕੇ ਪਾਣੀ ਦਾ ਪੱਧਰ ਵਧਿਆ ਹੈ। ਭਾਖੜਾ ਡੈਮ ਤੋਂ ਅੱਜ ਛੱਡਿਆ ਜਾ ਸਕਦਾ 26 ਹਜ਼ਾਰ ਕਿਊਸਿਕ ਪਾਣੀ ।ਸਤਲੁਜ ਦੇ ਵਿੱਚ ਪਾਣੀ ਆਉਣ ਦੀ ਸੰਭਾਵਨਾ ਹੈ। ਪ੍ਰਸ਼ਾਸਨ ਵੱਲੋਂ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਸਤਲੁਜ ਦਰਿਆ ਦੇ ਨੇੜੇ ਨਾ ਜਾਣ।



## ਹਾਈਕੋਰਟ ਨੇ ਸੁਣਾਇਆ ਫੈਸਲਾ : ਭਿੰਡਰਾਂਵਾਲਿਆਂ ਨਾਲ ਨੇੜਤਾ ਰੱਖਣਾ

# ਪੰਜਾਬ ਪੁਲਿਸ ਦੇ ਕਾਂਸਟੇਬਲ ਨੂੰ ਪੈ ਗਿਆ ਮਹਿੰਗਾ

**ਚੰਡੀਗੜ੍ਹ**, 13 ਜੂਨ (ਆਵਾਜ਼ਿ ਕੌਮ ਬਿਊਰੋ)-ਪੰਜਾਬ ਵਿੱਚ ਖਾੜਕੂਵਾਦ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਨੇੜਤਾ ਰੱਖਣਾ ਪੰਜਾਬ ਪੁਲਿਸ ਦੇ ਇੱਕ ਸਿਪਾਹੀ ਨੂੰ ਮਹਿੰਗਾ ਪੈ ਗਿਆ ਹੈ। ਇਹ ਕਾਂਸਟੇਬਲ ਜਸਵਿੰਦਰ ਸਿੰਘ ਹੈ ਜਿਸ ਨੂੰ ਪੰਜਾਬ ਸਰਕਾਰ ਨੇ ਮਾਮਲੇ ਸਾਹਮਣੇ ਆਉਣ 'ਤੇ ਬਰਖਾਸਤ ਕਰ ਦਿੱਤਾ ਸੀ। ਇਸ ਤੋਂ ਬਾਅਦ ਇਹ ਕੇਸ ਆਦਲਤ ਵਿੱਚ ਚਲਾ ਗਿਆ ਅਤੇ ਬਰਖਾਸਤ ਕਾਂਸਟੇਬਲ ਜਸਵਿੰਦਰ ਸਿੰਘ ਨੇ ਆਪਣੇ 'ਤੇ ਹੋਈ ਕਾਰਵਾਈ ਖਿਲਾਫ਼ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਹਾਈਕੋਰਟ ਨੇ 40 ਸਾਲ ਬਾਅਦ ਵੀ ਗਰਮਖਿਆਲੀਆਂ ਨਾਲ ਨੇੜਤਾ ਦੇ ਆਧਾਰ 'ਤੇ 1984 'ਚ ਪੰਜਾਬ ਪੁਲਿਸ ਦੇ ਕਾਂਸਟੇਬਲ ਦੀ ਬਰਖਾਸਤਗੀ ਦੇ ਹੁਕਮ ਨੂੰ ਬਰਕਰਾਰ ਰੱਖਿਆ ਹੈ। ਹਾਈਕੋਰਟ ਵਿੱਚ ਪੰਜਾਬ ਸਰਕਾਰ ਨੇ ਇਲਜ਼ਾਮ ਲਾਇਆ ਕਿ ਅਨੁਸਾਰ ਕਾਂਸਟੇਬਲ ਨੇ ਖਾੜਕੂਵਾਦ ਦੇ ਸਮੇਂ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਦੋ ਪਿਸਤੌਲ ਲਏ ਸਨ, ਜਿਨ੍ਹਾਂ ਵਿੱਚੋਂ ਇੱਕ ਕਿਸੇ ਗਰਮਖਿਆਲੀ ਨੂੰ ਦਿੱਤਾ ਸੀ ਅਤੇ ਦੂਜਾ ਨਹਿਰ ਵਿੱਚ ਸੁੱਟ ਦਿੱਤਾ ਸੀ। ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੀਵਾਨੀ ਮੁਕੱਦਮੇ ਵਿੱਚ ਜਾਰੀ ਉਸ ਹੁਕਮਨਾਮੇ ਨੂੰ ਚੁਣੌਤੀ ਦਿੱਤੀ ਸੀ, ਜਿਸ ਤਹਿਤ 1984 ਵਿੱਚ ਕਾਂਸਟੇਬਲ ਜਸਵਿੰਦਰ ਸਿੰਘ ਦੀ ਬਰਖਾਸਤਗੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਪੰਜਾਬ ਸਰਕਾਰ ਨੇ ਦੱਸਿਆ ਕਿ ਜਸਵਿੰਦਰ 1977 ਵਿੱਚ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਨਿਯੁਕਤ ਹੋਇਆ ਸੀ। ਇਸ ਤੋਂ ਬਾਅਦ ਉਸ ਵਿਰੁੱਧ ਆਰਮਜ਼ ਐਕਟ ਤਹਿਤ ਐਫਆਈਆਰ ਦਰਜ ਕੀਤੀ ਗਈ ਅਤੇ ਇਸ ਆਧਾਰ 'ਤੇ ਅਕਤੂਬਰ 1984 ਵਿੱਚ ਉਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਕਿ ਰਾਜ ਦੀ ਜਨਤਕ ਵਿਵਸਥਾ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਬਰਖਾਸਤਗੀ ਕਾਨੂੰਨੀ ਕਾਰਵਾਈ ਜਾਇਜ਼ ਸੀ। ਜਸਵਿੰਦਰ ਸਿੰਘ ਦਾ ਸਬੰਧ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਸੀ ਪਰ ਅਸਲਾ ਬਰਾਮਦ ਨਾ ਹੋਣ ਕਾਰਨ ਅਸਲਾ ਐਕਟ ਦਾ ਕੇਸ ਵਾਪਸ ਲੈ ਲਿਆ ਗਿਆ ਸੀ। ਓਧਰ ਜਸਵਿੰਦਰ ਸਿੰਘ ਨੇ ਦਲੀਲ ਦਿੱਤੀ ਕਿ ਉਸ ਨੂੰ ਬਰਖਾਸਤ ਕਰਨ ਵੇਲੇ ਵਿਭਾਗੀ ਜਾਂਚ ਨਹੀਂ ਕਰਵਾਈ ਗਈ ਜੋ ਕਿ ਸੰਵਿਧਾਨ ਦੀ ਧਾਰਾ 311 (2) ਤਹਿਤ ਲਾਜ਼ਮੀ ਸੀ। ਉਸ ਨੇ ਦੀਵਾਨੀ ਮੁਕੱਦਮਾ ਦਾਇਰ ਕਰਕੇ ਇਸ ਹੁਕਮ ਨੂੰ ਚੁਣੌਤੀ ਦਿੱਤੀ ਅਤੇ ਦੀਵਾਨੀ ਮੁਕੱਦਮੇ ਦਾ ਫ਼ਰਮਾਨ ਉਸ ਦੇ ਹੱਕ ਵਿਚ ਆਇਆ। ਹਾਈਕੋਰਟ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਪੰਜਾਬ ਪੁਲਿਸ ਦੇ ਲਗਭਗ 40 ਸਾਲ ਪੁਰਾਣੇ ਬਰਖਾਸਤਗੀ ਦੇ ਹੁਕਮ ਨੂੰ ਬਰਕਰਾਰ ਰੱਖਿਆ ਹੈ। ਹਾਈ ਕੋਰਟ ਨੇ ਮੰਨਿਆ ਕਿ ਕਾਂਸਟੇਬਲ ਜਸਵਿੰਦਰ ਸਿੰਘ ਨੂੰ ਬਰਖਾਸਤ ਕਰਨ ਦਾ ਆਧਾਰ ਉਸ ਦਾ ਗਰਮਖਿਆਲੀਆਂ ਨਾਲ ਸੰਪਰਕ ਸੀ।



## ਡਿਬਰੂਗੜ੍ਹ ਜੇਲ੍ਹ 'ਚ ਬੰਦ 'ਪ੍ਰਧਾਨ ਮੰਤਰੀ ਬਾਜੇਕੇ' ਦੀ ਸਿਹਤ ਵਿਗੜੀ, ਹਸਪਤਾਲ ਦਾਖਲ ਕਰਵਾਇਆ

**ਚੰਡੀਗੜ੍ਹ**, 13 ਜੂਨ (ਆਵਾਜ਼ਿ ਕੌਮ ਬਿਊਰੋ)-ਡਿਬਰੂਗੜ੍ਹ ਜੇਲ੍ਹ 'ਚ ਬੰਦ 'ਪ੍ਰਧਾਨ ਮੰਤਰੀ ਬਾਜੇਕੇ' ਦੀ ਸਿਹਤ ਵਿਗੜੀ, ਹਸਪਤਾਲ ਦਾਖਲ ਕਰਵਾਇਆ। ਡਿਬਰੂਗੜ੍ਹ ਜੇਲ੍ਹ 'ਚ ਬੰਦ 'ਪ੍ਰਧਾਨ ਮੰਤਰੀ ਬਾਜੇਕੇ' ਦੀ ਸਿਹਤ ਵਿਗੜੀ, ਹਸਪਤਾਲ ਦਾਖਲ ਕਰਵਾਇਆ ਭਗਵੰਤ ਸਿੰਘ ਉਰਫ 'ਪ੍ਰਧਾਨ ਮੰਤਰੀ ਬਾਜੇਕੇ' ਨੂੰ ਕੱਲ੍ਹ ਸ਼ਾਮ ਅਸਾਮ ਮੈਡੀਕਲ ਕਾਲਜ ਹਸਪਤਾਲ (ਏਐਮਸੀਐਚ) ਵਿੱਚ ਦਾਖਲ ਕਰਵਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਉਸ ਦੀ ਸਿਹਤ ਖਰਾਬ ਹੋਣ ਕਾਰਨ ਇਥੇ ਇਲਾਜ ਚੱਲ ਰਿਹਾ ਹੈ। ਭਗਵੰਤ ਸਿੰਘ ਉਰਫ 'ਪ੍ਰਧਾਨ ਮੰਤਰੀ ਬਾਜੇਕੇ' ਨੂੰ ਕੱਲ੍ਹ ਸ਼ਾਮ ਅਸਾਮ ਮੈਡੀਕਲ ਕਾਲਜ ਹਸਪਤਾਲ (ਏਐਮਸੀਐਚ) ਵਿੱਚ ਦਾਖਲ ਕਰਵਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਉਸ ਦੀ ਸਿਹਤ ਖਰਾਬ ਹੋਣ ਕਾਰਨ ਇਥੇ ਇਲਾਜ ਚੱਲ ਰਿਹਾ ਹੈ। ਦੱਸ ਦਈਏ ਕਿ ਭਗਵੰਤ ਸਿੰਘ ਇਸ ਸਮੇਂ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਦੇ ਤਹਿਤ ਨੌਂ ਸਾਥੀਆਂ ਦੇ ਨਾਲ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਬੰਦ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਮਾਨਸਿਕ ਸਮੱਸਿਆਵਾਂ ਤੋਂ ਪੀੜਤ ਹੈ। ਉਸ ਨੂੰ ਇਲਾਜ ਲਈ AMCH ਦੇ ਮੈਡੀਸਨ ਵਿੰਗ ਵਿੱਚ ਦਾਖਲ ਕਰਵਾਇਆ ਗਿਆ ਹੈ।





## ਗੁਰਦਾਸਪੁਰ 'ਚ ਵੱਡੀ ਘਟਨਾ, ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਰਵਿਦਾਸ ਮੰਦਿਰ 'ਚ ਭੰਨਤੋੜ ਕਰ ਕੀਤੀ ਬੇਅਦਬੀ



**ਗੁਰਦਾਸਪੁਰ**, 13 ਜੂਨ (ਆਵਾਜ਼ਿ ਕੌਮ ਬਿਊਰੋ)-ਗੁਰਦਾਸਪੁਰ ਦੇ ਪਿੰਡ ਭਾਗੋਕਾਵਾਂ 'ਚ ਲੋਕਾਂ ਵੱਲੋਂ ਬਣਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਮੰਦਿਰ 'ਚ ਕੁਝ ਸ਼ਰਾਰਤੀ ਅਨਸਰਾਂ ਨੇ ਭੰਨਤੋੜ ਕਰਕੇ ਬੇਅਦਬੀ ਦੀ ਘਟਨਾ ਨੂੰ ਅੰਜਾਮ ਦਿੱਤਾ ਹੈ। ਇਸ ਸਬੰਧੀ ਜਦੋਂ ਲੋਕਾਂ ਨੂੰ ਪਤਾ ਲੱਗਾ ਤਾਂ ਲੋਕਾਂ ਨੇ ਸ਼ਰਾਰਤੀ ਅਨਸਰਾਂ ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜੀ ਕੀਤੀ । ਦੂਜੇ ਪਾਸੇ ਪੁਲਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਗੱਲਬਾਤ ਕਰਦਿਆਂ ਰਾਜ ਰਾਣੀ ਅਤੇ ਮੋਹਨ ਲਾਲ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਪਿੰਡ 'ਚ ਹੀ ਸ੍ਰੀ ਗੁਰੂ ਰਵਿਦਾਸ ਜੀ ਦਾ ਮੰਦਿਰ ਬਣਾਇਆ ਜਾ ਰਿਹਾ ਹੈ। ਜਿੱਥੇ ਇਕ ਛੋਟੇ ਜਿਹੇ ਕਮਰੇ 'ਚ ਮਹਾਰਾਜ ਦੀ ਤਸਵੀਰ, ਕੁਝ ਧਾਰਮਿਕ ਪੋਸਟਰ ਤੇ ਸਾਮਾਨ ਰੱਖਿਆ ਹੋਇਆ ਹੈ। ਬੀਤੀ ਰਾਤ ਵੀ ਕੁਝ ਨੌਜਵਾਨ ਮੰਦਿਰ 'ਚ ਕੰਮ ਕਰਕੇ ਗਏ ਸਨ, ਪਰ ਜਦੋਂ ਅਸੀਂ ਸਵੇਰੇ ਮੰਦਿਰ 'ਚ ਜੋਤ ਜਗਾਉਣ ਲਈ ਆਏ ਤਾਂ ਵੇਖਿਆ ਕਿ ਕਮਰੇ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਅੰਦਰ ਰੱਖੀਆਂ ਰਵਿਦਾਸ ਮਹਾਰਾਜ ਦੀਆਂ ਤਸਵੀਰਾਂ ਦੀ ਬੇਅਦਬੀ ਕੀਤੀ ਹੋਈ ਸੀ। ਜਿਸ ਕਾਰਨ ਸਮੂਹ ਲੋਕਾਂ 'ਚ ਭਾਰੀ ਰੋਸ ਪਾਇਆ ਗਿਆ। ਦੂਜੇ ਪਾਸੇ ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਦਰ ਪੁਲਸ ਸਟੇਸ਼ਨ ਦੇ ਇੰਚਾਰਜ਼ ਅਮਨਦੀਪ ਸਿੰਘ ਪੁਲਸ ਪਾਰਟੀ ਦੇ ਨਾਲ ਮੌਕੇ 'ਤੇ ਪਹੁੰਚੇ ਅਤੇ ਘਟਨਾ ਸਥਾਨ ਦਾ ਜਾਇਜਾ ਲੈ ਕੇ ਲੋਕਾਂ ਦੇ ਬਿਆਨ ਕਮਲਬੱਧ ਕੀਤੇ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਸ਼ਰਾਰਤੀ ਅਨਸਰਾਂ ਦੇ ਖਿਲਾਫ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਅਕਾਲੀ ਦਲ ਲਈ ਖ਼ਤਰੇ ਦੀ ਘੰਟੀ, ਸੁਖਬੀਰ ਬਾਦਲ ਖ਼ਿਲਾਫ਼ ਉੱਠੀ ਵੱਡੀ ਬਗਾਵਤ


**ਚੰਡੀਗੜ੍ਹ**, 13 ਜੂਨ (ਆਵਾਜ਼ਿ ਕੌਮ ਬਿਊਰੋ)-ਲੋਕ ਸਭਾ ਚੋਣਾਂ ਵਿਚ ਵੱਡੀ ਹਾਰ ਮਿਲਣ ਤੋਂ ਬਾਅਦ ਪਾਰਟੀ ਦੇ ਅੰਦਰ ਸੁਖਬੀਰ ਸਿੰਘ ਬਾਦਲ ਦਾ ਵਿਰੋਧ ਵਧਣ ਲੱਗਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਸਿਆਸੀ ਸਕੱਤਰ ਤੇ ਬੁਲਾਰਾ ਚਰਨਜੀਤ ਸਿੰਘ ਬਰਾੜ ਨੇ ਜਿੱਥੇ ਪਾਰਟੀ ਪ੍ਰਧਾਨ ਬਦਲਣ ਦੀ ਮੰਗ ਕੀਤੀ ਹੈ, ਉਥੇ ਹੀ ਪੰਚ ਪ੍ਰਧਾਨੀ ਕਮੇਟੀ ਦੇ ਗਠਨ ਕਰਨ ਦੇ ਨਾਲ-ਨਾਲ ਕੁਝ ਸੁਝਾਅ ਵੀ ਦਿੱਤੇ ਹਨ। ਪਾਰਟੀ ਪ੍ਰਧਾਨ ਦੇ ਨਾਂ ਖੁੱਲ੍ਹੀ ਚਿੱਠੀ ਜਾਰੀ ਕਰਦਿਆਂ ਚਰਨਜੀਤ ਬਰਾੜ ਨੇ ਕਿਹਾ ਕਿ ਮੈਂ ਚੋਣਾਂ ਦੇ ਅਗਲੇ ਦਿਨ ਤੋਂ ਤੁਹਾਨੂੰ ਮਿਲ ਕੇ ਬੇਨਤੀ ਕਰਨਾ ਚਾਹੁੰਦਾ ਸੀ ਪਰ ਤੁਹਾਡੇ ਵੱਲੋਂ ਸਮਾਂ ਨਾ ਮਿਲਣ ਕਰਕੇ ਮੈਨੂੰ ਖੁੱਲ੍ਹੇ ਪੱਤਰ ਰਾਹੀਂ ਸੁਝਾਅ ਦੇਣੇ ਪੈ ਰਹੇ ਹਨ। ਬੇਨਤੀ ਹੈ ਕਿ ਪਾਰਟੀ ਦੇ ਵਡੇਰੇ ਹਿੱਤਾਂ ਲਈ ਇਕ ਪੰਚ ਪ੍ਰਧਾਨੀ ਬਣਾ ਦਿਉ। ਜਿਸ ਵਿਚ ਬਲਵਿੰਦਰ ਸਿੰਘ ਭੂੰਦੜ ਕਨਵੀਨਰ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੈਂਬਰ, ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ, ਗੁਲਜ਼ਾਰ ਸਿੰਘ ਰਣੀਕੇ ਪ੍ਰਧਾਨ ਐੱਸਸੀ ਵਿੰਗ ਮੈਂਬਰ, ਹੀਰਾ ਸਿੰਘ ਗਾਬੜੀਆ ਪ੍ਰਧਾਨ ਬੀਸੀ ਵਿੰਗ ਮੈਂਬਰ, ਐੱਨ. ਕੇ ਸ਼ਰਮਾਂ ਪ੍ਰਧਾਨ ਟਰੇਡ ਤੇ ਇੰਡਸਟਰੀ ਵਿੰਗ ਮੈਂਬਰ ਅਤੇ ਮੈਨੂੰ ਉਸ ਵਿਚ ਮੈਂਬਰ ਸਕੱਤਰ ਬਿਨਾਂ ਵੋਟ ਦੇ ਅਧਿਕਾਰ ਤੋਂ ਬਣਾਇਆ ਜਾਵੇ। ਕੋਰ ਕਮੇਟੀ ਦੀ ਸਲਾਹ ਨਾਲ ਕਨਵੀਨਰ ਜਾਂ ਮੈਂਬਰ ਹੋਰ ਵੀ ਹੋ ਸਕਦੇ ਹਨ। ਇਹ ਐਲਾਨ ਕਰੋ ਕਿ ਇਹ ਪ੍ਰਜੀਡੀਅਮ (ਪ੍ਰਧਾਨਗੀ ਮੰਡਲ) 14 ਦਸੰਬਰ 2024 ਤੱਕ ਹੈ ਜਦੋਂ ਤੱਕ ਨਵੀ ਭਰਤੀ ਹੋ ਕੇ ਨਵੇ ਡੈਲੀਗੇਟਾਂ ਰਾਹੀਂ ਨਵੇਂ ਪ੍ਰਧਾਨ ਦੀ ਚੋਣ ਨਾ ਹੋ ਜਾਵੇ। ਉਸ ਸਮੇਂ ਤੱਕ ਪਾਰਟੀ ਦੇ ਸਾਰੇ ਫੈਸਲੇ ਉਪਰੋਕਤ ਜਾਂ ਜਿਹੜੀ ਵੀ ਪ੍ਰਜੀਡੀਅਮ ਬਣੇ ਉਹ ਕਰੇਗੀ। ਜਿਸ ਵਿਚ ਆਉਣ ਵਾਲੀਆਂ ਜ਼ਿਮਨੀ ਚੋਣਾਂ ਲੜਨਾਂ, ਐੱਸਜੀਪੀਸੀ ਦੀਆਂ ਵੋਟਾਂ ਬਣਾਉਣਾਂ ਅਤੇ ਜੇਕਰ ਜਨਰਲ ਇਲੈਕਸ਼ਨ ਆਉਦੀ ਹੈ ਉਹ ਲੜਾਉਣੀ, ਜੇਕਰ ਜਨਰਲ ਚੋਣਾਂ ਨਹੀ ਆਉਂਦੀਆਂ ਤਾਂ ਨਵੰਬਰ ਵਿਚ ਐੱਸਜੀਪੀਸੀ ਮੈਂਬਰਾਂ ਤੋਂ ਐੱਸਜੀਪੀਸੀ ਪ੍ਰਧਾਨ ਤੇ ਅੰਤਰਿੰਗ ਕਮੇਟੀ ਦੀ ਚੋਣ ਕਰਾਉਣੀ, ਪਾਰਟੀ ਦੀ ਭਰਤੀ ਆਦਿ ਸਾਰੇ ਸਿਆਸੀ ਕੰਮ ਪ੍ਰਜੀਡੀਅਮ ਦੇਖੇਗੀ। ਤੁਸੀ ਕਹੋ ਕਿ ਮੈਨੂੰ ਜਿੱਥੇ ਪਾਰਟੀ ਹੁਕਮ ਕਰੇਗੀ ਮੈਂ ਪਹਿਰਾ ਦੇਵਾਂਗਾਂ। ਦੂਸਰਾ ਜੋ ਅਸੀਂ ਮੁਆਫ਼ੀ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਸ੍ਰੀ ਅਖੰਡਪਾਠ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਮੰਗ ਚੁੱਕੇ ਹਾਂ ਮੈਂ ਉਸ ਸਮੇਂ ਵੀ ਮੁਆਫ਼ੀ ਮੰਗਣ ਤੋਂ ਪਹਿਲਾਂ ਵੀ ਤੁਹਾਨੂੰ ਜ਼ੁਬਾਨੀ ਅਤੇ ਲਿਖਤੀ ਵੀ ਬੇਨਤੀ ਕੀਤੀ ਸੀ ਕਿ ਮੁਆਫ਼ੀ ਵਿਧੀ-ਵਿਧਾਨ ਮੁਤਾਬਕ ਲਿਖ ਕੇ ਮੰਗ ਲਈਏ ਜੋ ਸਜ਼ਾ ਸ੍ਰੀ ਅਕਾਲ ਤਖ਼ਤ ਲਾਵੇ ਉਹ ਨਿਮਾਣੇ ਸਿੱਖ ਵਾਂਗ ਭੁਗਤੀਏ ਪ੍ਰਮਾਤਮਾਂ ਭਲੀ ਕਰੇਗਾ ਪਰ ਜਿਵੇਂ ਬਾਕੀ ਸਲਾਹਾਂ ਨੂੰ ਅਕਸਰ ਦਰਕਿਨਾਰ ਕਰ ਦਿੱਤਾ ਜਾਂਦਾ ਹੈ ਠੀਕ ਉਸੇ ਤਰ੍ਹਾਂ ਇਹ ਸਲਾਹ ਵੀ ਉਸ ਸਮੇਂ ਨਹੀਂ ਮੰਨੀ ਗਈ। ਪ੍ਰਧਾਨ ਜੀ ਹੁਣ ਵੀ ਗੱਲ ਉੱਥੇ ਹੀ ਖੜੀ ਹੈ ! ਸਾਡੇ ਨਾਲ ਪ੍ਰਮਾਤਮਾ ਰੁੱਸਿਆ ਹੈ ਤਾਂ ਹੀ ਇੰਨਾਂ ਮਾੜਾ ਹਾਲ ਹੋ ਰਿਹਾ ਹੈ। ਬੀਬਾ ਹਰਸਿਮਰਤ ਕੌਰ ਜੀ ਬਾਦਲ ਕਿਉਂ ਜਿੱਤੇ ਕਿਉਂਕਿ ਮਿਹਨਤ ਕਰਨ ਦੇ ਨਾਲ-ਨਾਲ ਉਹ ਡੇਰੇ ਦੀ ਮੁਆਫ਼ੀ ਕਰਵਾਉਣ ਦੇ ਭਾਗੀਦਾਰ ਨਹੀਂ ਸਨ। ਜੇਕਰ ਪੰਚ ਪ੍ਰਧਾਨੀ ਨਹੀਂ ਬਣਾਉਣੀ ਚਾਹੁੰਦੇ ਤਾਂ ਮੇਰੀ ਬੇਨਤੀ ਹੈ ਕਿ ਲਿਖਤੀ ਮੁਆਫ਼ੀ ਮੰਗ ਜ਼ਰੂਰ ਲਈਏ ਜੀ। ਤੀਸਰਾ ਸੁਝਾਅ ਹੈ ਪਾਰਟੀ ਇਕ ਮਹੀਨੇ ਵਿਚ ਵੀ ਖੜੀ ਹੋ ਸਕਦੀ ਹੈ ਪਰ ਸ਼ਰਤ ਇਹ ਹੈ ਮੁਆਫ਼ੀ ਦੇ ਨਾਲ-ਨਾਲ ਮੇਰੀ ਸਲਾਹ ਮੁਤਾਬਕ ਇਕ ਮਹੀਨਾਂ ਚੱਲ ਕੇ ਦੇਖ ਲਓ।



## 300 ਲੋਕਾਂ ਨੂੰ ਲੈ ਕੇ 9 ਘੰਟੇ ਉਡਦਾ ਰਿਹਾ ਬੋਇੰਗ ਜਹਾਜ਼, 7000 ਕਿਲੋਮੀਟਰ ਤੈਅ ਕੀਤਾ ਸ.ਫਰ, ਨਹੀਂ ਹੋਈ ਲੈਂਡਿੰਗ !

**ਲੰਡਨ**, 13 ਜੂਨ (ਆਵਾਜ਼ਿ ਕੌਮ ਬਿਊਰੋ)-ਜਹਾਜ਼ 'ਚ 9 ਘੰਟੇ ਦੇ ਸਫ਼ਰ ਦੇ ਅਜੀਬੋ-ਗਰੀਬ ਤਜ਼ਰਬੇ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਸੁਰਖੀਆਂ ਵਿਚ ਹੈ। ਇਸ ਜਹਾਜ਼ ਦੇ ਯਾਤਰੀਆਂ ਨੇ 9 ਘੰਟੇ ਤੱਕ 7000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਪਰ ਉਹ ਆਪਣੀ ਮੰਜ਼ਿਲ 'ਤੇ ਪਹੁੰਚਣ ਦੀ ਬਜਾਏ ਉਸੇ ਥਾਂ 'ਤੇ ਪਹੁੰਚ ਗਏ, ਜਿੱਥੋਂ ਉਨ੍ਹਾਂ ਨੇ ਸਫ਼ਰ ਸ਼ੁਰੂ ਕੀਤਾ ਸੀ। ਅਜਿਹਾ ਹੈਰਾਨੀਜਨਕ ਇਤਫਾਕ ਬ੍ਰਿਟਿਸ਼ ਏਅਰਵੇਜ਼ ਦੇ ਯਾਤਰੀਆਂ ਨਾਲ ਹੋਇਆ ਹੈ, ਜੋ 9 ਘੰਟੇ ਤੱਕ ਫਲਾਈਟ 'ਚ ਰਹੇ ਪਰ ਆਪਣੀ ਮੰਜ਼ਿਲ 'ਤੇ ਪਹੁੰਚਣ ਦੀ ਬਜਾਏ ਆਪਣੇ ਘਰਾਂ ਨੂੰ ਪਰਤ ਗਏ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਸੋਮਵਾਰ ਸਵੇਰੇ ਬ੍ਰਿਟਿਸ਼ ਏਅਰਵੇਜ਼ ਦੀ ਫਲਾਈਟ 195 ਲੰਡਨ ਤੋਂ ਅਮਰੀਕਾ ਦੇ ਹਿਊਸਟਨ ਲਈ 10 ਘੰਟੇ 20 ਮਿੰਟ ਦੀ ਯਾਤਰਾ 'ਤੇ ਰਵਾਨਾ ਹੋਈ। ਬੋਇੰਗ 787-9 ਡਰੀਮਲਾਈਨਰ ਜਹਾਜ਼ ਨੇ ਇਸ ਲਈ ਲੰਡਨ ਤੋਂ ਉਡਾਣ ਭਰੀ। ਜਹਾਜ਼ 5 ਘੰਟੇ ਤੱਕ ਹਵਾ ਵਿੱਚ ਰਿਹਾ। ਉਹ ਨਿਊਫਾਊਂਡਲੈਂਡ ਦੇ ਤੱਟ 'ਤੇ ਪਹੁੰਚ ਰਿਹਾ ਸੀ। ਇਸ ਦੌਰਾਨ ਜਹਾਜ਼ ਨੇ ਪੂਰੇ ਅਟਲਾਂਟਿਕ ਮਹਾਸਾਗਰ ਨੂੰ ਪਾਰ ਕੀਤਾ। ਅਚਾਨਕ ਪਾਇਲਟ ਨੇ ਜਹਾਜ਼ ਨੂੰ ਮੋੜ ਦਿੱਤਾ ਅਤੇ ਵਾਪਸ ਆਉਣਾ ਸ਼ੁਰੂ ਕਰ ਦਿੱਤਾ। ਪਤਾ ਲੱਗਾ ਹੈ ਕਿ ਜਹਾਜ਼ ਨੂੰ ਮਾਮੂਲੀ ਤਕਨੀਕੀ ਖ਼ਰਾਬੀ ਦੇ ਕਾਰਨ ਮੋੜਿਆ ਜਾ ਰਿਹਾ ਸੀ, ਇਸ ਤੋਂ ਬਾਅਦ ਜਹਾਜ਼ ਨੇ ਪੂਰੇ ਅਟਲਾਂਟਿਕ ਮਹਾਸਾਗਰ ਨੂੰ ਪਾਰ ਕੀਤਾ ਅਤੇ ਲੰਡਨ ਪਹੁੰਚਿਆ। ਇਸ ਤਰ੍ਹਾਂ ਜਹਾਜ਼ ਲਗਭਗ 9 ਘੰਟੇ ਤੱਕ ਹਵਾ ਵਿਚ ਹੀ ਰਿਹਾ ਅਤੇ ਅੱਗੇ-ਪਿੱਛੇ ਵੀ ਉਸ ਨੇ ਕਿਹਾ 7000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਜਹਾਜ਼ 'ਚ 300 ਯਾਤਰੀ ਸਵਾਰ ਸਨ, ਜੋ ਇਸ ਗੱਲ ਤੋਂ ਨਿਰਾਸ਼ ਹੋ ਗਏ ਕਿ ਉਹਨਾਂ ਨੇ ਜਿਥੋ ਆਪਣਾ ਸਫ਼ਰ ਸ਼ੁਰੂ ਕੀਤਾ ਸੀ, ਮੁੜ ਉਸੇ ਥਾਂ 'ਤੇ ਵਾਪਸ ਆ ਗਏ ਹਨ। ਜਿੱਥੋਂ ਉਨ੍ਹਾਂ ਨੇ ਆਪਣਾ ਸਫਰ ਸ਼ੁਰੂ ਕੀਤਾ ਸੀ। ਫੌਕਸ ਨਿਊਜ਼ ਮੁਤਾਬਕ ਜਹਾਜ਼ ਨੂੰ ਸੁਰੱਖਿਅਤ ਉਤਾਰਿਆ ਗਿਆ। ਏਅਰਲਾਈਨ ਨੇ ਇਸ ਸਮੱਸਿਆ ਦਾ ਜ਼ਿਕਰ ਨਹੀਂ ਕੀਤਾ ਪਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜੈੱਟ ਦੇ ਇੰਜਣ 'ਚ ਖ਼ਰਾਬੀ ਆਈ ਸੀ, ਜਿਸ ਕਾਰਨ ਜਹਾਜ਼ ਨੂੰ ਇਸ ਉਡਾਣ 'ਚ ਤਾਂ ਕੋਈ ਮੁਸ਼ਕਲ ਨਾ ਆਉਂਦੀ, ਤੇ ਅਮਰੀਕਾ ਪਹੁੰਚ ਜਾਂਦਾ ਪਰ ਅਗਲੀ ਉਡਾਣ ਵਿਚ ਮੁਸ਼ਿਕਲ ਆ ਸਕਦੀ ਸੀ। ਇਸੇ ਕਾਰਨ ਜਹਾਜ਼ ਨੂੰ ਵਾਪਸ ਪਰਤਣਾ ਪਿਆ।






Nankana Sahib Yatra Committe Uk
pakistan gurdwara yatra
6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches
ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ / ਕਿਰਤ ਕਰੋ / ਵੰਡ ਛਕੋ
Naam Japo / Kirat Karo / Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ


## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write PUNJABI








# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work


Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote




ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫ਼ਤਹਿ ॥





## ਧੰਨ ਧੰਨ ਬਾਬਾ ਦਾਸਾ ਜੀ ਦੇ 70ਵੇਂ ਸਲਾਨਾ ਜੋੜ-ਮੇਲੇ ਦੀ ਮਿੱਠੀ ਯਾਦ ਵਿਚ ਪਿੰਡ ਸਲੇਮਪੁਰ ਮਸੰਦਾਂ ਦੀ ਸਮੂੰਹ ਸਾਧ ਸੰਗਤ ਵਲੋਂ ਗੁਰੂ ਨਾਨਕ ਗੁਰਦੁਆਰਾ ਵਾਲਸਾਲ ਰੋਡ ਵਿਲਨਹਾਲ ਵਿਖੇ

# ਧਾਰਮਿਕ ਸਮਾਗਮ 30 ਜੂਨ 2024, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ, ਧੰਨ ਧੰਨ ਬਾਬਾ ਦਾਸਾ ਜੀ ਦੇ 70ਵੇਂ ਸਲਾਨਾ ਜੋੜ-ਮੇਲੇ ਦੀ ਮਿੱਠੀ ਯਾਦ ਵਿੱਚ ਪਿੰਡ ਸਲੇਮਪੁਰ ਮਸੰਦਾਂ ਦੀ ਸਾਧ ਸੰਗਤ ਦੇ ਸਹਿਯੋਗ ਨਾਲ 30 ਜੂਨ 2024 ਦਿਨ ਐਤਵਾਰ ਨੂੰ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਸੋ ਸਮੂੰਹ ਸਾਧ ਸੰਗਤ ਅਤੇ ਪਿੰਡ ਸਲੇਮਪੁਰ ਮਸੰਦਾਂ ਦੇ ਨਗਰ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਮਾਗਮ ਦੀ ਰੌਣਕ ਵਧਾਉਣ ਲਈ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## --✶ ਪ੍ਰੋਗਰਾਮ ✶--

☛ ਆਰੰਭ ਸ੍ਰੀ ਆਖੰਡਪਾਠ ਸਾਹਿਬ ਦਿਨ ਸ਼ੁਕਰਵਾਰ 28 ਜੂਨ 2024 ਸਵੇਰੇ 9:00 ਵਜੇ

☛ ਭੋਗ ਸ੍ਰੀ ਆਖੰਡਪਾਠ ਸਾਹਿਬ ਦਿਨ ਐਤਵਾਰ 30 ਜੂਨ 2024 ਸਵੇਰੇ 10 ਵਜੇ

☛ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਗੁਰਬਾਣੀ ਕੀਰਤਨ (11.00 ਵਜੇ ਸਵੇਰੇ) ਅਤੇ ਕਥਾ ਦੁਆਰਾ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ

☛ ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

"WAHEGURU JI HA KHALSA
WAHEGURU JI KI FATEH"
On the special occasion of
DHAN DHAN BABA DASSA JI'S
70TH ANNUAL MELA
AKHAND PATH SAHIB
at
Guru Nanak Sikh Gurudwara Sahib
65-67 Walsall Rd, Willenhall
WV13 2RD,
United Kingdom

*Your presence is requested to attend as per programme*
*DATES: 28th June 2024 to 30th June 2024*
*28th June*
*Arambh Sri Akhand Path Sahib:9:00am*
*30th June*
*Bhog Sri Akhand Path Sahib: 10:00am*
*Kirtan: 11:00am*
*Langar: After kirtan*
*FROM:*
*ALL SANGAT OF SALEMPUR MASSANDAN*

ਗੁਰਦੁਆਰਾ ਸਾਹਿਬ ਦਾ ਪਤਾ : **Guru Nanak Gurdawara, 65-67 Walsall Road, Willenhall, WV 13 2RD**

30 ਜੂਨ, ਦਿਨ ਐਤਵਾਰ ਨੂੰ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਦੁਨੀਆਂ ਭਰ ਵਿੱਚ ਆਵਾਜ਼ਿ ਕੌਮ ਵੈੱਬ ਟੀ. ਵੀ. 'ਤੇ ਦੇਖਿਆ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM WEB TV

**ਬੇਨਤੀ ਕਰਤਾ : ਇੰਗਲੈਂਡ ਨਿਵਾਸੀ ਸਾਧ ਸੰਗਤ, ਪਿੰਡ ਸਲੇਮਪੁਰ ਮਸੰਦਾਂ ਜ਼ਿਲ੍ਹਾ ਜਲੰਧਰ (ਪੰਜਾਬ)**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621

੧ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ

ਹੈਡ ਕੁਆਟਰ :

ਦਮਦਮੀ ਟਕਸਾਲ, ਜੱਥਾ ਭਿੰਡਰਾਂ (ਮਹਿਤਾ), ਸ੍ਰੀ ਅੰਮ੍ਰਿਤਸਰ।

## ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ 'ਭਿੰਡਰਾਂਵਾਲੇ'

ਮੁਖੀ ਦਮਦਮੀ ਟਕਸਾਲ, ਜੱਥਾ ਭਿੰਡਰਾਂ (ਮਹਿਤਾ) ਸੰਪਰਕ : 99158-00904

## ਸੱਦਾ ਪੱਤਰ

# 40ਵਾਂ ਸਲਾਨਾ ਸ਼ਹੀਦੀ ਜੋੜ ਮੇਲਾ

## 21-22-23 ਜੂਨ 2024 ਦਿਨ ਸ਼ੁਕਰ-ਸ਼ਨੀ-ਐਤਵਾਰ ਨੂੰ

## ਗੁਰਦੁਆਰਾ ਗੁਰੂ ਨਾਨਕ ਸਿੱਖ ਅਕੈਡਮੀ ਵਿਖੇ

ਸਪਰਿੰਗਫੀਲਡ ਰੋਡ, Hayes, UB4 OLT (UK) ਵਿਖੇ **ਮਨਾਇਆ ਜਾਵੇਗਾ।**

ਪਰਮ ਸਤਿਕਾਰਯੋਗ........ਯੂ ਕੇ ਦੀ ਸਮੂਹ ਸਾਧਸੰਗਤ........ ਜੀਓ!

ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਦਮਦਮੀ ਟਕਸਾਲ ਦੇ 14ਵੇਂ ਮੁਖੀ, ਵੀਹਵੀਂ ਸਦੀ ਦੇ ਮਹਾਨ ਜਰਨੈਲ, ਪੰਥ ਰਤਨ, ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ 'ਭਿੰਡਰਾਂਵਾਲਿਆਂ ਅਤੇ ਉਹਨਾਂ ਨਾਲ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਯਾਦ ਵਿੱਚ 40 ਵਾਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਨਾਨਕ ਸਿੱਖ ਅਕੈਡਮੀ ਸਪਰਿੰਗਫੀਲਡ (ਯੂ.ਕੇ.) ਵਿਖੇ ਮਨਾਇਆ ਜਾ ਰਿਹਾ ਹੈ।

**ਸੋ ਆਪ ਜੀ ਨੇ 21-22-23 ਜੂਨ 2024 ਦੇ ਸਮਾਗਮਾਂ ਵਿੱਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।**

**ਦਾਸ ਆਪ ਜੀ ਦਾ ਅਤੀ ਧੰਨਵਾਦੀ ਹੋਵੇਗਾ।**

ਗੁਰੂ ਪੰਥ ਦਾ ਦਾਸ

ਹਰਨਾਮ ਸਿੰਘ ਖਾਲਸਾ

ਮੁਖੀ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ, ਪ੍ਰਧਾਨ ਸੰਤ ਸਮਾਜ

ਅੰਮ੍ਰਿਤ ਕੰਪਿਊਟਰਜ਼, ਜਲੰਧਰ। 9872239775

ਆਵਾਜ਼ਿ ਕੌਮ AWAZE QAUM International Newspaper & WEB TV




ਬੇਨਤੀ ਕਰਤਾ: ਵਾਰਿਸ ਪੰਜਾਬ ਦੇ 'ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(UK)

ਅੰਮ੍ਰਿਤ ਛਕੋ ਸ੍ਰੀ ਅਕਾਲ ਸਹਾਇ ਸਿੰਘ ਸਜੋ

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

# ਗੁਰਮਤਿ ਸਿਖਲਾਈ ਕੈਂਪ- 2024

## ਮਿਤੀ 2 ਜੂਨ ਤੋਂ 30 ਜੂਨ ਤੱਕ ਰੋਜ਼ਾਨਾ

**ਗੁਰਦੁਆਰਾ ਗੁਰੂ ਨਾਨਕ ਪੁਰਾ ਨਾਰਨੌਲ - ਸਵੇਰੇ 09:00 ਤੋਂ 11:00 ਵਜੇ ਤੱਕ**

**ਗੁਰਦੁਆਰਾ ਕਿਰਾਰੋਦ ਨਾਰਨੌਲ - ਸ਼ਾਮ 05:00 ਤੋਂ 07:00 ਵਜੇ ਤੱਕ**

ਇਸ ਕੈਂਪ ਵਿੱਚ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁਢਲੀ ਜਾਣਕਾਰੀ, ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਗੁਰਮੁਖੀ ਲਿਪੀ ਦੀ ਜਾਣਕਾਰੀ ਦਿੱਤੀ ਜਾਵੇਗੀ।

**ਵਿਸ਼ੇਸ਼ - ਕੈਂਪ ਦੀ ਸਮਾਪਤੀ ਤੋਂ ਉਪਰੰਤ 30 ਜੂਨ 2024 ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ।**

ਜਿਸ ਵਿੱਚ ਕਥਾਵਾਚਕ, ਢਾਡੀ, ਕਵੀਸ਼ਰ ਅਤੇ ਹਜੂਰੀ ਰਾਗੀ ਜਥੇ ਹਾਜਰੀ ਭਰਨਗੇ। ਇਸ ਤੋਂ ਉਪਰੰਤ ਬੱਚਿਆਂ ਅਤੇ ਪ੍ਰਬੰਧਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ।



**ਜਥੇਦਾਰ ਭੁਪਿੰਦਰ ਸਿੰਘ ਅਸੰਧ**
ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



**ਸ. ਤਜਿੰਦਰਪਾਲ ਸਿੰਘ ਨਾਰਨੌਲ**
ਅੰਤ੍ਰਿੰਗ ਕਮੇਟੀ ਮੈਂਬਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



**ਜਥੇਦਾਰ ਬਲਜੀਤ ਸਿੰਘ ਦਾਦੂਵਾਲ**
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਬੇਨਤੀ ਕਰਤਾ :- ਸਮੂਹ ਸਾਧ ਸੰਗਤ ਨਾਰਨੌਲ ਅਤੇ ਸਕੱਤਰ ਧਰਮ ਪ੍ਰਚਾਰ (ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

ਅੰਮ੍ਰਿਤ ਛਕੋ ਸ੍ਰੀ ਅਕਾਲ ਸਹਾਇ ਸਿੰਘ ਸਜੋ

**ਗੁਰਮਤਿ ਸਿੱਖ ਕੇ ਅਸੀਂ ਸਿਖਾਉਣੀ ਅੰਮ੍ਰਿਤਧਾਰੀ ਕੌਮ ਬਣਾਉਣੀ ਕਰਨਾ ਸਿੱਖੀ ਦਾ ਪ੍ਰਚਾਰ ਸਾਰੀ ਦੁਨੀਆਂ ਦੇ ਵਿਚਕਾਰ**

## ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
## ਅੰਬਾਲਾ ਜਿਲੇ ਦੀ ਸਮੁੱਚੀ ਸਿੱਖ ਸੰਗਤ ਦੇ ਸਹਿਯੋਗ ਸਦਕਾ

**8ਵੀਂ ਜਮਾਤ ਤੋਂ 12ਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਸਿੱਖੀ ਤੇ ਮਾਣ ਮਹਿਸੂਸ ਕਰਵਾਉਣ ਦੇ ਯਤਨ ਵਜੋਂ**

# ਦੂਸਰਾ ਬਾਲਾ ਪ੍ਰੀਤਮ ਗੁਰਮਤਿ ਸਿਖਲਾਈ ਕੈਂਪ

ਸਥਾਨ – ਗੁਰਦੁਆਰਾ ਪੰਜੋਖਰਾ ਸਾਹਿਬ, ਪਾ: ੯ਵੀਂ ਅੰਬਾਲਾ ਹਰਿਆਣਾ

**ਮਿਤੀ – 12 ਜੂਨ 2024 ਤੋਂ 15 ਜੂਨ 2024 ਤੱਕ, ਸਮਾਂ – ਸਵੇਰੇ 09:00 ਵਜੇ ਤੋਂ ਦੁਪਹਿਰ 02:00 ਵਜੇ ਤੱਕ**

**ਗੁਰਮਤਿ ਕੈਂਪ ਦੇ ਅਖੀਰਲੇ ਦਿਨ ਵਿਦਿਆਥੀਆਂ ਦਾ ਧਾਰਮਿਕ ਪੇਪਰ ਵੀ ਲਿਆ ਜਾਵੇਗਾ।**

ਜਾਣਕਾਰੀ ਲਈ ਸੰਪਰਕ – ਮੈਨੇਜਰ ਗੁ: ਪੰਜੋਖਰਾ ਸਾਹਿਬ ਅੰਬਾਲਾ (9991037375) , ਹੈਡ ਗ੍ਰੰਥੀ ਬਾਬਾ ਬੂਟਾ ਸਿੰਘ ਜੀ (9728333218), ਪ੍ਰਚਾਰਕ ਮਨਪ੍ਰੀਤ ਸਿੰਘ ਜਨਸੂਆ (8221858675)

**ਸਵਾਲ ਜਬਾਬ ਮੁਕਾਬਲਾ**

**ਕਵਿਤਾ ਲੈਕਚਰ ਮੁਕਾਬਲਾ**

**ਦਸ ਗੁਰੂ ਸਾਹਿਬਾਨਾਂ ਦਾ ਜੀਵਨ ਬਿਓਰਾ**

**ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਲਈ ਰੈਫਰੇਸ਼ਮੈਂਟ ਅਤੇ ਗੁਰੂ ਕੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।**

- ਬੱਚਿਆਂ ਨੂੰ ਲਿਆਉਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
- ਕੈਂਪ ਦੀ ਰਜਿਸਟਰੇਸ਼ਨ 10 ਜੂਨ ਤੱਕ ਹੋਵੇਗੀ।
- ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਸ. ਸੁਦਰਸ਼ਨ ਸਿੰਘ ਅੰਬਾਲਾ
ਸੀਨੀਅਰ ਮੀਤ ਪ੍ਰਧਾਨ HSGMC



ਸ. ਬੀ. ਐਸ. ਅੰਬਾਲਾ
ਮੈਂਬਰ HSGMC



ਸ. ਟੀ. ਪੀ. ਸਿੰਘ ਅੰਬਾਲਾ
ਅੰਤ੍ਰਿੰਗ ਮੈਂਬਰ HSGMC



ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਬੇਨਤੀ ਕਰਤਾ – ਸਮੂੰਹ ਮੈਂਬਰ ਸਾਹਿਬਾਨ ਅਤੇ ਸਕੱਤਰ ਧਰਮ ਪ੍ਰਚਾਰ (ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

ਦੇਗ ਤੇਗ ਫਤਿਹ ਪੰਥ ਕੀ ਜੀਤ

ਅੰਮ੍ਰਿਤ ਛਕੋ – ਸਿੰਘ ਸਜੋ

ਵਿੱਦਿਆ ਸਭ ਦਾ ਮਾਣ ਹੈ, ਵਿੱਦਿਆ ਦਿੰਦੀ ਗਿਆਨ ॥
ਵਿੱਦਿਆ ਪੜ੍ਹੀਏ ਚਿੱਤ ਲਾ, ਵਿੱਦਿਆ ਦੇਈਏ ਦਾਨ ॥

ਧਰਮ ਪ੍ਰਚਾਰ ਕਮੇਟੀ H.S.G.M.C ਕੁਰੁਕਸ਼ੇਤਰ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ

# ਗੁਰਮਤਿ ਸਿਖਲਾਈ ਕੈਂਪ–2024

ਇਸ ਕੈਂਪ ਵਿਚ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁੱਢਲੀ ਜਾਣਕਾਰੀ, ਗੁਰਬਾਣੀ ਦਾ ਸ਼ੁਧ ਉਚਾਰਣ, ਸਿਖ ਇਤਿਹਾਸ ਦੀ ਜਾਣਕਾਰੀ, ਗੁਰਬਾਣੀ ਕੰਠ ਕੀਰਤਨ ਦੀ ਸਿਖਲਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਅਖੰਡ ਪਾਠ, ਸਹਿਜ ਪਾਠ, ਸਪਤਾਹਿਕ ਸਹਿਜ ਪਾਠ ਕਰਨ ਦੇ ਨਿਯਮ ਬਾਰੇ ਜਾਣਕਾਰੀ ਦਿਤੀ ਜਾਵੇਗੀ । ਅਤੇ ਦਸਤਾਰ ਸਜਾਉਣ ਦੀ ਸਿਖਲਾਈ ਦਿਤੀ ਜਾਵੇਗੀ ।

**ਇਹ ਗੁਰਮਤਿ ਕੈਂਪ ਗੁ੦ ਬੰਗਲਾ ਸਾਹਿਬ, ਰੋਹਤਕ ਵਿਖੇ 26 ਮਈ ਤੋਂ 29 ਜੂਨ 2024 ਤਕ ਰੋਜ਼ਾਨਾ ਸ਼ਾਮ 4:00 ਵਜੇ ਤੋਂ 7:00 ਵਜੇ ਤਕ ਚਲੇਗਾ ।**

ਗੁਰਮਤਿ ਕੈਂਪ ਦੀ ਸਮਾਪਤੀ 30 ਜੂਨ 2024 ਐਤਵਾਰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਵੇਰੇ 10 ਤੋਂ 1:00 ਵਜੇ ਤਕ ਹੋਵੇਗੀ । ਜਿਸ ਵਿਚ ਬਚਿਆਂ ਦੁਆਰਾ ਕੀਰਤਨ, ਸਿੱਖ ਇਤਿਹਾਸ ਅਤੇ ਗੁਰਬਾਣੀ ਪ੍ਰਤਿਯੋਗਤਾ ਹੋਵੇਗੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਗਾਇਆ ਜਾਵੇਗਾ ।

ਸਮਾਪਤੀ ਉਪਰੰਤ ਕਲਗੀਧਰ ਪਿਤਾ ਅੰਮ੍ਰਿਤਦਾਤਾ ਦੀ ਬਖਸ਼ੀਸ਼ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ ।

ਨੋਟ : ਨੌਜਵਾਨ ਬੱਚੇ ਤੇ ਬੱਚੀਆਂ ਨੂੰ ਕੇਸਾਂ ਦੀ ਬੇਅਦਬੀ ਤੇ ਨਸ਼ਿਆਂ ਤੋਂ ਦੂਰ ਰਖਣ ਲਈ ਗੁਰਮਤਿ ਕੈਂਪ ਵਿੱਚ ਜਰੂਰ ਭੇਜੋ ਜੀ

ਗੁਰਚਰਨ ਸਿੰਘ ਖਾਲਸਾ ਇੰਚਾਰਜ ਗੁਰਮਤਿ ਕਲਾਸਿਸ



## ਅੰਮ੍ਰਿਤ ਸੰਚਾਰ

ਮਿਤੀ 30 ਜੂਨ 2024 ਦਿਨ ਐਤਵਾਰ ਦੁਪਹਿਰ 12:30 ਵਜੇ

ਨੋਟ : ਕਕਾਰ ਮੁਫਤ ਦਿੱਤੇ ਜਾਣਗੇ



ਸ. ਭੁਪਿੰਦਰ ਸਿੰਘ ਜੀ ਅਸੰਧ
(ਪ੍ਰਧਾਨ H.S.G.M.C.)



ਸ੦ ਹਰਭਜਨ ਸਿੰਘ ਰਾਠੌਰ
ਮੈਂਬਰ H.S.G.M.C.
M. 9896003836



ਜ੦ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
H.S.G.M.C.

ਬੇਨਤੀ ਕਰਤਾ : ਸਕਤਰ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੇਂਟ ਕਮੇਟੀ
ਮੈਨੇਜਰ, ਗੁਰਦੁਆਰਾ ਬੰਗਲਾ ਸਾਹਿਬ, ਰੋਹਤਕ (ਹਰਿਆਣਾ)
ਸੰਪਰਕ ਨੰ੦ 9813230906, 9728715453, 9896828411, 9896003836, 9911325568

* Arun Printers, Quilla Mohalla, Rohtak. Ph. 9896455615

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**


ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥
Gurdwara Sri Guru Singh Sabha
Edinburgh , Scotland (UK)
Special Samagam to commemorate Shaheedi Diwas of Guru Arjan Dev ji, and 40th anniversary of 1984 Shaheed's.
SHAHEEDI SAMAGAM
ਸ਼ਹੀਦਾਂ ਦੇ ਸਰਤਾਜ
ਸ੍ਰੀ ਗੁਰੂ ਅਰਜਨ ਦੇਵ ਜੀ
ਦੀ ਸ਼ਹਾਦਤ ਨੂੰ ਕੋਟਾਨ ਕੋਟਿ ਪ੍ਰਣਾਮ
1984
40th anniversary
VENUE
The Edinburgh Academy
42 Henderson Row ,
Edinburgh EH3 5BL
DATE & TIME
Saturday, 15th June 2024
From 12:00 pm to 04:00 pm
KIRTAN
ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਦਾ ਲੰਗਰ ਅਤੁੱਟ ਵਰਤੇਗਾ
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਹਨਾਂ ਮਹਾਨ ਸ਼ਹੀਦੀ ਸਮਾਗਮਾਂ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ
ਬੇਨਤੀ ਕਰਦੇ
ਸਮੂਹ ਸੇਵਾਦਾਰ ਗੁਰੂਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਡਿਨਬਰਗ
Special Guest
Bhai Dharamveer Singh Khalsa
KIDS QUIZ
Special Kids Quiz Contest by Bhai Dharamveer Singh Khalsa
Contact: Harbhajan Singh : 07447 909254
GSSEdinburgh
GSSEdinburgh
Bhai Harpreet Singh ji
(Delhi Wale)


ਦਮਦਮੀ ਟਕਸਾਲ
ਗੁਰੂ ਹਰਿਰਾਇ
ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਬੋਧ ਸਮਾਗਮ
ਅਰੰਭ 20 July 2024 ਤੋਂ 18 August 2024 ਤੱਕ
ਭਾਗ ਲੈਣ ਵਾਲੇ ਗੁਰਸਿੱਖਾਂ ਨੂੰ ਬੇਨਤੀ ਹੈ ਕੇ ਚਿੱਟੇ ਹਜੂਰੀਏ ਲਿਓਣ ਦੀ ਕਿਰਪਾਲਤਾ ਕਰਨ । ਸੋਮਵਾਰ ਤੋ ਸ਼ੁੱਕਰਵਾਰ ਸਮਾ 6pm ਤੋ 9pm । ਸ਼ਨੀਵਾਰ ਤੇ ਐਤਵਾਰ ਸਮਾ 2pm ਤੋ 3.30pm ਅਤੇ 4pm ਤੋ 6pm । ਦਮਦਮੀ ਟਕਸਾਲ ਦੇ facebook page, youtube channel ਅਤੇ sangat tv ਤੇ ਸਿਧਾ ਪ੍ਰਸਾਰਨ ਕੀਤਾ ਜਾਵੇਗਾ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ।
GURDWARA SRI GUR HAR RAI SAHIB JI
128 HIGH STREET, WEST BROMWICH (IN UNIT), UK
07454 023 665
07940 368926
07478 804 044




**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸਤਿਕਾਰ ਯੋਗ ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਦੇ ਪੁੱਤਰ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਆਜ਼ਾਦ ਦੀ ਸ਼ਹਾਦਤ ਦੇ ਪਹਿਲੇ ਸਲਾਨਾ ਸਮਾਗਮ ਨੂੰ ਮੁੱਖ ਰੱਖਦਿਆਂ ਹੋਇਆਂ, ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ 15 ਜੂਨ 2024 ਨੂੰ ਗੁਰਦੁਆਰਾ ਸ੍ਰੀ ਬਾਬਾ ਅਟੱਲ ਰਾਏ ਜੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਅਸਥਾਨ ਤੇ ਪਾਇਆ ਜਾ ਰਿਹਾ ਹੈ। ਮੈਂ ਸਾਰੀ ਸੰਗਤ ਤੇ ਸਮੂਹ ਸਿੱਖ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕਰਦੀ ਹਾਂ ਕਿ ਸਭ ਨੇ ਆਪੋ-ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਹਾਜ਼ਰੀ ਭਰਨ ਦੀ ਕ੍ਰਿਪਾਲਤਾ ਕਰਨੀ ਜੀ। ਸੰਗਤ ਜੀ ਮੈਂ ਆਪਣੇ ਆਪ ਨੂੰ ਇਤਨੀ ਸਮਰੱਥ ਨਹੀ ਸਮਝਦੀ ਕਿ ਵਿਸ਼ੇਸ ਸੱਦੇ ਭੇਜ ਸਕਾਂ ਸੋ ਇਸ ਗੱਲ ਦੀ ਮਾਫੀ ਚਾਹੁੰਦੀ ਹਾਂ ਪਰ ਸੰਗਤ ਜੀ ਤੁਸੀਂ ਸ਼ਹੀਦਾਂ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਹੋਇਆਂ ਹੁੰਮ-ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। - ਚਰਨਜੀਤ ਕੌਰ


ਆਵਾਜ਼ਿ ਕੌਮ AWAZE QAUM
International Newspaper & WEB TV
ਕੈਨੇਡਾ ਦੀ ਧਰਤੀ 'ਤੇ ਭਾਰਤੀ ਸਟੇਟ ਵੱਲੋਂ 18 ਜੂਨ 2023 ਨੂੰ ਕਤਲ ਕੀਤੇ ਗਏ ਹਰ-ਦਿਲ ਅਜ਼ੀਜ਼
ਸ਼ਹੀਦ
ਭਾਈ ਹਰਦੀਪ ਸਿੰਘ
ਨਿੱਝਰ
ਦੇ ਪਹਿਲੇ ਸ਼ਹੀਦੀ ਦਿਹਾੜੇ ਮੌਕੇ
18 ਜੂਨ
ਸਮਾਂ 11 ਵਜੇ
ਪੰਥਕ ਸਮਾਗਮ
ਗੁ: ਸੰਤੋਖਸਰ ਸਾਹਿਬ, ਅੰਮ੍ਰਿਤਸਰ
ਦਲ ਖ਼ਾਲਸਾ

ਅੱਜ ਹਾੜ ਮਹੀਨੇ ਦੀ ਸੰਗਰਾਂਦ 'ਤੇ ਵਿਸ਼ੇਸ਼

# ਆਸਾੜੁ ਸੁਹੰਦਾ ਤਿਸੁ ਲਗੈ, ਜਿਸੁ ਮਨਿ ਹਰਿ ਚਰਣ ਨਿਵਾਸ

**ਭਾਵੇਂ ਪਿਛਲੇ** ਦਿਨਾਂ ਦੌਰਾਨ ਕਈ ਥਾਵਾਂ ਤੇ ਭਾਰੀ ਬਾਰਿਸ਼ ਹੋਣ ਤੇ ਗੜ੍ਹੇ ਪੈਣ ਨਾਲ ਗਰਮੀ ਤੋਂ ਕੁੱਝ ਰਾਹਤ ਜਰੂਰ ਮਿਲੀ ਹੈ, ਪਰ ਦਿਨ ਚੜ੍ਹਣ ਤੇ ਜਦੋਂ ਧੁੱਪ ਲੱਗਦੀ ਹੈ ਤਾਂ ਹੁੰਮਸ ਨਾਲ ਫਿਰ ਗਰਮੀ ਮਹਿਸੂਸ ਹੋਣ ਲੱਗ ਪੈਂਦੀ ਹੈ। ਇਸ ਮਹੀਨੇ ਦੀ ਇਹੀ ਖ਼ਾਸੀਅਤ ਹੁੰਦੀ ਹੈ ਕਿ ਭਾਵੇਂ ਬਾਰਿਸ਼ ਹੋ ਜਾਏ ਧੁੱਪ ਲੱਗਣ ਤੇ ਫਿਰ ਚਮਾਸਾ ਲੱਗ ਜਾਂਦਾ ਹੈ।ਇਸ ਮਹੀਨੇ ਗਰਮੀ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ। ਇੱਕ ਦਮ ਗਰਮ ਹਵਾਵਾਂ ਲੂੰਆਂ ਵਗਦੀਆਂ ਹਨ। ਗਰਮੀ ਨਾਲ ਜਾਨ ਨਿਕਲਦੀ ਜਾਂਦੀ ਹੈ। ਕੰਮਾਂ-ਕਾਰਾਂ ਤੇ ਜਾਣ ਵਾਲੇ ਲੋਕ ਗਰਮੀ ਤੋਂ ਬੱਚਣ ਲਈ ਮੂੰਹ ਸਿਰ ਲਪੇਟ ਕੇ ਘਰੋਂ ਨਿਕਲਦੇ ਹਨ।

ਇਹ ਵਗਦੀਆਂ ਲੂੰਆਂ ਇਨਸਾਨ, ਪਸ਼ੂ, ਪੰਛੀ ਤੇ ਬਨਸਪਤੀ ਨੂੰ ਕੁਮਲਾ ਛੱਡਦੀਆਂ ਹਨ। ਇਸ ਹਾੜ ਮਹੀਨੇ ਦੀ ਗਰਮੀ ਵਿੱਚ ਹਰ ਕੋਈ ਮੁਰਝਾਇਆ ਫਿਰਦਾ ਹੈ। ਇਸ ਮਹੀਨੇ ਏ.ਸੀ, ਪੱਖੇ, ਕੂਲਰ ਰਾਤ ਦਿਨ ਚੱਲਦੇ ਰਹਿੰਦੇ ਹਨ। ਆਉਣ ਵਾਲੇ ਬਿਜਲੀ ਬਿੱਲਾਂ ਵਿੱਚ ਖਾਸਾ ਵਾਧਾ ਹੋ ਜਾਂਦਾ ਹੈ। ਖਾਸ ਕਰ ਦੁਪਿਹਰ ਸਮੇਂ ਬਾਹਰ ਆਵਾਜਾਈ ਨਾ ਮਾਤਰ ਰਹਿ ਜਾਂਦੀ ਹੈ ਸਿਰਫ ਜਰੂਰੀ ਕੰਮਾਂ ਵਾਲੇ ਲੋਕ ਜਾਂ ਨੌਕਰੀ ਪੇਸ਼ੇ ਵਾਲੇ ਲੋਕ ਮਜ਼ਬੂਰੀ ਵਿੱਚ ਹੀ ਬਾਹਰ ਜਾਂਦੇ ਹਨ। ਹਾੜ ਮਹੀਨੇ ਵਿੱਚ ਸੂਰਜ ਦੀ ਚਮਕਦੀ ਤੇਜ਼ ਧੁੱਪ ਵਿੱਚ ਸਭ ਤੌਬਾ-ਤੌਬਾ ਕਰ ਉੱਠਦੇ ਹਨ। ਬਾਹਰ ਤੁਰੇ ਫਿਰਦਿਆਂ ਨੂੰ ਸਿਰਫ ਰੁੱਖ ਹੀ ਆਪਣੇ ਕਲਾਵੇ ਵਿੱਚ ਲੈ ਕੇ ਠੰਡੀ ਛਾਂ ਦਾ ਸਹਾਰਾ ਦੇਂਦੇ ਹਨ।ਇਸ ਮਹੀਨੇ ਇਸ ਵਾਰ ਤਾਪਮਾਨ 48 ਤੋਂ 50 ਡਿਗਰੀ ਤੱਕ ਪਹੁੰਚ ਗਿਆ ਹੈ।

**ਕਿਸਾਨਾਂ ਦੇ ਰੁਝੇਵੇ** : ਕਿਸਾਨ ਵੀਰ ਕਣਕ ਤੇ ਮੱਕੀ ਦੀ ਫਸਲ ਵੇਚ ਕੇ ਵੇਹਲੇ ਹੋ ਚੁੱਕੇ ਹਨ ਤੇ ਹੁਣ ਅਗਲੀ ਫਸਲ ਝੋਨੇ ਦੀ ਬਿਜਾਈ ਦਾ ਸਮਾਂ ਹੈ। ਸਰਕਾਰੀ ਹੁਕਮਾਂ ਅਨੁਸਾਰ 11 ਜੂਨ ਤੋਂ ਹੀ ਝੋਨੇ ਦੀ ਬਿਜਾਈ ਸ਼ੁਰੂ ਹੋਣੀ ਹੈ। ਸੋ ਕਿਸਾਨ ਵੀਰ ਇਸ ਤੇਜ਼ ਚਮਕਦੀ ਧੁੱਪ ਵਿੱਚ ਸਭ ਤੋਂ ਪਹਿਲਾਂ ਪਨੀਰੀ ਬੀਜਣੀ ਫਿਰ ਨੰਗੇ ਪਿੰਡੇ ਝੋਨੇ ਦੀ ਫਸਲ ਲਈ ਖੇਤ ਵਾਹੁੰਣੇ, ਫਿਰ ਪਾਣੀ ਲਾਉਣੇ, ਕੱਦੂ ਕਰਨੇ, ਪਨੀਰੀ ਪੁੱਟਣੀ ਤੇ ਫਿਰ ਝੋਨਾ ਲਾਉਣਾ। ਬੜਾ ਮੁਸ਼ਕਿਲ ਕੰਮ ਹੁੰਦਾ ਹੈ। ਇਹ ਕੰਮ ਕਿਸਾਨ ਵੀਰ ਹੀ ਕਰ ਸਕਦੇ ਹਨ। ਦੁਪਿਹਰੇ ਖੇਤਾਂ ਵਿੱਚ ਝੋਨਾ ਲਾਉਣ ਸਮੇਂ ਇੰਨ੍ਹਾਂ ਹੁਮਸ ਹੋ ਜਾਂਦਾ ਹੈ ਕਿ ਪਸੀਨਾ ਪਾਣੀ ਵਾਂਗ ਵਹਿੰਦਾ ਹੈ। ਇਸ ਨੂੰ 'ਹੱਕ-ਹਲਾਲ ਦੀ ਕਮਾਈ 'ਖੂਨ ਪਸੀਨੇ ਦੀ ਕਮਾਈ' ਕਹਿੰਦੇ ਹਨ। ਜਿਹੜੇ ਕਰਦੇ ਹਨ ,ਉਹੀ ਜਾਣ ਸਕਦੇ ਹਨ। ਇਸ ਮਹੀਨੇ ਧਰਤੀ ਦੀ ਸੂਰਜ ਦੇਵਤਾ ਹਿੱਕ ਸਾੜਦਾ ਹੈ। ਜੇ ਕਿਧਰੇ ਇਸ ਮਹੀਨੇ ਮਾੜੀ-ਮੋਟੀ ਬਦਲੀ ਆ ਜਾਵੇ, ਚਾਰ ਛਿੱਟਾਂ ਵਰ ਜਾਣ, ਬੱਦਲ ਹੋ ਜਾਣ, ਠੰਡੀ ਹਵਾ ਦੇ ਬੁੱਲ੍ਹੇ ਆ ਜਾਣ ਤਾਂ ਥੋੜ੍ਹੇ ਸਮੇਂ ਲਈ ਰਾਹਤ ਜਰੂਰ ਮਿਲ ਜਾਂਦੀ ਹੈ ਪਰ ਥੋੜ੍ਹੇ ਸਮੇਂ ਬਾਦ ਫਿਰ ਉਹੀ ਹਾਲ ਹੋ ਜਾਂਦਾ ਹੈ।

**ਕੁਦਰਤੀ ਸਜਾਵਟ**-ਜਿੱਥੇ ਇਸ ਗਰਮੀ ਕਾਰਨ ਸਭ ਕੁੱਝ ਝੁਲਸ ਜਾਂਦਾ ਹੈ, ਉੱਥੇ ਪੱਤਝੜ ਤੋਂ ਬਾਦ ਪੌਦਿਆਂ ਦੇ ਨਵੇਂ ਪੱਤੇ ਨਿਕਲ ਆਉਂਦੇ ਹਨ। ਜਿਵੇਂ ਬੋਹੜ, ਪਿੱਪਲ, ਨਿੰਮ, ਅਸ਼ੋਕਾ, ਸੁਖਚੈਨ, ਕਚਨਾਰ, ਚਾਂਦਨੀ, ਅੰਬ, ਗੁਲਮੋਹਰ ਤੇ ਹੋਰ ਕਈ ਪੌਦਿਆਂ ਦੀ ਹਰਿਆਲੀ ਦੇਖਣਯੋਗ ਹੁੰਦੀ ਹੈ। ਸੁਖਚੈਨ ਦੇ ਦਰੱਖਤ ਦੀ ਇਸ ਮਹੀਨੇ ਖਾਸ ਗੱਲ ਇਹ ਹੈ ਕਿ ਉਸਨੂੰ ਚਿੱਟੇ ਜਾਮਨੀ ਰੰਗ ਦੇ ਨਿੱਕੇ-ਨਿੱਕੇ ਬੜੇ ਹੀ ਪਿਆਰੇ ਫੁੱਲ ਨਿਕਲਦੇ ਹਨ। ਅਲਮਤਾਸ ਦਾ ਰੁੱਖ ਫੁੱਲਾਂ ਨਾਲ ਲੱਦਿਆ ਰੌਣਕਾਂ ਲਾਈ ਰੱਖਦਾ ਹੈ।ਕਨੇਰ ਦੇ ਪੌਦੇ ਨੂੰ ਬੜੇ ਸੋਹਣੇ ਤੇ ਭਰਵੇਂ ਫੁੱਲਾਂ ਦੇ ਗੁੱਛੇ ਲੱਗਦੇ ਹਨ। ਚਾਂਦਨੀ ਦੇ ਫੁੱਲ ਮਹਿਕਾਂ ਵੰਡਦੇ ਫਿਰਦੇ ਹਨ।ਲੈਜਸਟੋਨੀਆਂ ਫੁੱਲਾਂ ਨਾਲ ਲੱਦੇ ਹੁੰਦੇ ਹਨ। ਗੁਲਮੋਹਰ ਦੇ ਫੁੱਲਾਂ ਦੇ ਰੰਗ ਇਨਸਾਨ ਦਾ ਦਿਲ ਟੁੰਬਦੇ ਹਨ। ਦੁਪਿਹਰ ਖਿੜੀ ਤੇ ਹੋਰ ਕਈ ਫੁੱਲ ਖੁਸ਼ਬੂਆਂ ਬਿਖੇਰਦੇ ਹੋਏ ਮਧੂਮੱਖੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ।ਮਧੂਮੱਖੀਆਂ ਇੰਨ੍ਹਾਂ ਫੁੱਲਾਂ ਤੋਂ ਰਸ ਚੂਸ ਕੇ ਸ਼ਹਿਦ ਰੂਪੀ ਸੌਗਾਤ ਸਾਡੀ ਝੋਲੀ ਪਾਉਂਦੀਆਂ ਹਨ। ਇਸ ਸ਼ਹਿਦ ਨਾਲ ਕਈ ਬੀਮਾਰੀਆਂ ਤੋ ਨਿਜ਼ਾਤ ਮਿਲਦੀ ਹੈ। ਇਹ ਸਾਰੇ ਰਲ ਮਿਲ ਕੇ ਵਾਤਾਵਰਣ ਖੁਸ਼ਬੂ ਨਾਲ ਭਰ ਦੇਂਦੇ ਹਨ। ਜਦ ਹਨੇਰੀ ਆਉਂਦੀ ਹੈ ਤਾਂ ਇਹ

ਫੁੱਲ ਝੜ ਕੇ ਧਰਤੀ ਤੇ ਡਿੱਗ ਪੈਂਦੇ ਹਨ। ਧਰਤੀ ਤੇ ਡਿੱਗੇ ਇਹ ਫੁੱਲ ਇਸ ਤਰਾਂ ਲੱਗਦੇ ਹਨ ਕਿ ਮਾਨੋ ਜਿਵੇਂ ਕਿਸੇ ਨੇ ਫੁੱਲਾਂ ਵਾਲੀ ਚਾਦਰ ਵਿਛਾ ਦਿੱਤੀ ਹੋਵੇ। ਬੜਾ ਹੀ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹਨ। ਇਸ ਮਹੀਨੇ ਜਾਮਨੂੰ ਦੇ ਦਰੱਖਤਾਂ ਦਾ ਵੀ ਫਲ ਪੱਕਦਾ ਹੈ ਜੋ ਕਿ ਬੜਾ ਹੀ ਸਵਾਦਿਸ਼ਟ ਤੇ ਸਿਹਤ ਪੱਖੋਂ ਨਰੋਆ ਫਲ ਹੈ। ਜਾਮਨੂੰ ਨਾਲ ਕਈ ਬੀਮਾਰੀਆਂ ਦਾ ਇਲਾਜ ਹੁੰਦਾ ਹੈ। ਅੰਬੀਆਂ ਦੇ ਬੂਟਿਆਂ ਨੂੰ ਅੰਬੀਆਂ ਲੱਗਦੀਆਂ ਹਨ, ਜਿਸ ਤੇ ਬੈਠ ਕੇ ਕੋਇਲ ਸਾਨੂੰ ਮਧੁਰ ਸੰਗੀਤ ਸੁਣਾਉਂਦੀ ਨਹੀ ਥੱਕਦੀ।ਕੋਇਲ ਨੂੰ ਧਿਆਨ ਨਾਲ ਸੁਣਿਆਂ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਕੁਦਰਤ ਦਾ ਲੱਖ-ਲੱਖ ਸ਼ੁਕਰਾਨਾ ਕਰ ਰਹੀ ਹੈ। ਇਹ ਸਭ ਕੁਦਰਤ ਦਾ ਮਨੁੱਖ ਨੂੰ ਦਿੱਤਾ ਨਿਆਬ ਤੋਹਫਾ ਹੈ। ਇਸ ਕੁਦਰਤ ਤੋਂ ਬਲਿਹਾਰੇ ਜਾਈਏ।ਜਿੱਥੇ ਇਸ ਮਹੀਨੇ ਕੁਦਰਤ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਹੈ, ਉੱਥੇ ਇਸ ਮਹੀਨੇ ਮੱਖੀਆਂ ਮੱਛਰਾਂ ਦੀ ਵੀ ਭਰਮਾਰ ਹੁੰਦੀ ਹੈ। ਜਿਸ ਨਾਲ ਕਈ ਬੀਮਾਰੀਆਂ ਵੀ ਆ ਘੇਰਦੀਆਂ ਹਨ। ਬਚਾਅ ਵਿੱਚ ਹੀ ਬਚਾਅ ਹੈ। ਆਪਣੀ ਸੁਰੱਖਿਆ ਆਪ ਕਰੋ।

**ਗਰਮੀ ਤੋਂ ਬਚਾਅ**-ਇਸ ਮਹੀਨੇ ਤਾਪਮਾਨ ਸਿਖਰਾਂ ਤੇ ਪਹੁੰਚ ਜਾਂਦਾ ਹੈ। ਜਿਵੇਂ 47 ਡਿਗਰੀ ਕਈ ਇਲਾਕਿਆਂ ਵਿੱਚ 50 ਡਿਗਰੀ ਤੱਕ ਵੀ ਪਹੁੰਚਦਾ ਹੈ।ਅੰਤਾਂ ਦੀ ਗਰਮੀ ਹੋ ਜਾਂਦੀ ਹੈ। ਹਰ ਚੀਜ਼ ਸੇਕ ਮਾਰਦੀ ਹੈ। ਇਸ ਮਹੀਨੇ ਲੋਕ ਗਰਮੀ ਤੋਂ ਬੱਚਣ ਲਈ ਕਈ ਤਰ੍ਹਾਂ ਦੇ ਢੰਗ ਤਰੀਕੇ ਅਪਣਾਉਂਦੇ ਹਨ। ਕੱਪੜੇ ਪਾਣੀ 'ਚ ਭਿਉਂ ਕੇ ਮੂੰਹ ਤੇ ਲਪੇਟਦੇ ਹਨ।ਠੰਡੇ ਪਾਣੀ ਦੇ ਛਿੱਟੇ ਮੂੰਹ ਤੇ ਮਾਰਦੇ ਹਨ। ਕਈ ਧੁੱਪ ਤੋਂ ਬੱਚਣ ਲਈ ਛੱਤਰੀਆ ਦਾ ਇਸਤੇਮਾਲ ਕਰਦੇ ਹਨ। ਇਸ ਮਹੀਨੇ ਗੁਰੂ ਪਿਆਰਿਆਂ ਵੱਲੋਂ ਛਬੀਲਾਂ ਵੀ ਲਗਾਈਆਂ ਜਾਂਦੀਆਂ ਹਨ। ਸਰੀਰ ਨੂੰ ਅੰਦਰੂਨੀ ਠੰਡਕ ਪਹੁੰਚਾਉਣ ਲਈ ਮੁਰੱਬੇ, ਗੰਨੇ ਦਾ ਰਸ, ਕੋਲਡ ਡਰਿੰਕ, ਠੰਡੇ ਦੁੱਧ ਦੀਆਂ ਬੋਤਲਾਂ, ਜੂਸ, ਨਿੰਬੂ ਪਾਣੀ, ਆਈਸ ਕਰੀਮ, ਫਰੂਟ ਆਈਸ ਕ੍ਰੀਮ ਆਦਿ ਦਾ ਸੇਵਨ ਕਰਦੇ ਹਨ। ਗਰਮੀਆਂ ਵਿੱਚ ਇਹ ਚੀਜ਼ਾਂ ਸੇਲ ਕਰਨ ਵਾਲਿਆਂ ਦੀ ਵੀ ਚਾਂਦੀ ਹੁੰਦੀ ਹੈ।ਸਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਤਰਬੂਜ਼, ਹਦਵਾਣੇ ਤੇ ਖਰਬੂਜੇ ਖਾਦੇ ਜਾਂਦੇ ਹਨ।ਪੈਸੇ ਵਾਲੇ ਲੋਕ ਹਿੱਲ ਸਟੇਸ਼ਨਾ ਤੇ ਜਿਵੇਂ ਕੁੱਲੂ ਮਨਾਲੀ, ਜੰਮੂ ਕਸ਼ਮੀਰ ਤੇ ਪਹਾੜਾਂ ਤੇ ਘੁੰਮਣ ਜਾਂਦੇ ਹਨ। ਗਰਮੀਆਂ ਦਾ ਸਮਾਂ ਬਾਹਰ ਬਤੀਤ ਕਰਕੇ ਕੁੱਝ ਮਹੀਨਿਆਂ ਬਾਦ ਵਾਪਸ ਆ ਜਾਂਦੇ ਹਨ। ਜਿੰਨ੍ਹਾਂ ਦੀ ਜੇਬ ਜਾਂ ਸਿਹਤ ਇਜ਼ਾਜ਼ਤ ਨਹੀ ਦੇਂਦੀ ਉਹ ਇੱਥੇ ਹੀ ਗਰਮੀਆ ਵਿੱਚ ਨਹਿਰਾਂ ਤੇ ਜਾ ਕੇ ਠੰਡੇ ਪਾਣੀ ਵਿੱਚ ਨਹਾ ਕੇ ਮੌਜ ਮਸਤੀ ਕਰਦੇ ਆਮ ਦੇਖੇ ਜਾਂਦੇ ਹਨ।

**ਕਵੀਆਂ ਦੀ ਨਜ਼ਰ 'ਚ ਹਾੜ ਮਹੀਨਾ**-ਜ਼ਿੰਦਗੀ ਦੇ ਰੰਗ ਕਵੀਆਂ ਨੇ ਆਪਣੀ ਕਲਮ ਰਾਹੀਂ ਬਿਆਨ ਕੀਤੇ ਹਨ। ਚਾਹੇ ਉਹ ਖੁਸ਼ੀ, ਗਮੀ, ਉਦਾਸੀ ਜਾਂ ਕੋਈ ਵੀ ਵਿਸ਼ਾ ਰਿਹਾ ਹੋਵੇ। ਹਾੜ ਮਹੀਨੇ ਦਾ ਜ਼ਿਕਰ ਵੀ ਕਵੀਆਂ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਬੜੇ ਹੀ ਬਾਖੂਬੀ ਢੰਗ ਨਾਲ ਬਿਆਨਿਆ ਹੈ।

**ਤੂੰਬੇ ਨਾਲ ਭਾਤੋ-ਭਾਂਤ ਬੋਲ ਬੋਲੀਆਂ,**
**ਹਾੜ ਵਿੱਚ ਜੱਟਾਂ ਨੇ ਮਨਾਈਆਂ ਹੋਲੀਆਂ।** **(ਲਾਲਾ ਧਨੀ ਰਾਮ ਚਾਤ੍ਰਿਕ)**

ਹਾੜ੍ਹ ਸੋਹੇ ਮੋਹੇ ਝਟ ਪਟੇ ਜੋ ਲੱਗੀ ਪਰੇਮ ਕੀ ਆਗ
ਜਿਸ ਲਾਗੇ ਤਿਸ ਜਲ ਬੁਝੇ ਜੋਂ ਭੋਰ ਜਲਾਵੇ ਭਾਗ
ਹੁਣ ਕੀ ਕਰਾਂ ਜੋ ਆਇਆ ਹਾੜ੍ਹ, ਤਨ ਵਿਚ ਇਸ਼ਕ ਤਪਾਯਾ ਭਾੜ
ਤੇਰੇ ਇਸ਼ਕ ਨੇ ਦਿੱਤਾ ਸਾੜ, ਰੋਵਣ ਅੱਖੀਆਂ ਕਰਨ ਪੁਕਾਰ
ਤੇਰੇ ਹਾਵੜੇ
ਹਾੜ੍ਹ ਘੱਤਾਂ ਸ਼ਾਮੀ ਅੱਗੇ, ਕਾਸਦ ਲੈ ਕੇ ਪਾਤਰ ਵੱਗੇ
ਕਾਲੇ ਗਏ ਤੇ ਆਏ ਬੱਗੇ, ਬੁਲ੍ਹਾ ਸ਼ਹੁ ਬਿਨ ਜ਼ਰਾ ਨਾ ਤੱਗੇ
**ਸ਼ਾਮੀ ਬਹਾਵੜੇ (ਬਾਬਾ ਬੁੱਲ੍ਹੇ ਸ਼ਾਹ, ਬਾਰਾਂ ਮਾਹ)**

ਚੜ੍ਹਿਆ ਹਾੜੋਂ ਮਹੀਨਾ,
ਬਾਰਾਂ ਭੱਠ ਤਪੇਂਦੇ,
ਲੌਂਦੇ ਕਾਵਾਂ ਤੇ ਚਿੜੀਆਂ, ਮੈਂ ਵਧ ਸਹਿਕਦੀ ਪਈਆਂ।

ਹਿਕ ਦੁੱਖ ਅਪਣਾ ਵਿਛੋੜਾ,
ਦੂਜੇ ਮਾਹੀ ਦੀ ਚਿੰਤਾ,
ਘੁੱਟ ਸਬਰਾਂ ਦੇ ਪੀ ਪੀ,
ਵਿਚ ਹਾਵੜਾਂ ਦੇ ਪਈਆਂ।

ਤੇਰੇ ਵੀਰਾਂ ਦੇ ਛਾਤੇ
ਜਦੋਂ ਜਾਂਦੇ ਨੀ ਧੁੱਪੇ,
ਤੈਨੂੰ ਤੁਰਦਯਾਂ ਨੂੰ ਛਤਰੀ
ਕਾਹਨੂੰ ਲੈ ਮੈਂ ਨ ਦਈਆ!
ਸੂਰਜ !ਤਪੀਓ ਨ ਓਥੇ
ਜਿੱਥੇ ਪੀਆ ਗਿਆ ਵੇ!
ਲੂਓ !ਠੰਢੀਆਂ ਹੋ ਵਗਣਾ
ਜਿਥੇ ਜਿੰਦੀ ਮੈਂ ਗਈਆਂ।

ਛਾਇਆ ਮਿਹਰਾਂ ਦੀ ਪਾਈਂ,
ਮੇਰੇ ਸੁਹਣਿਆ ਰੱਬਾ!
'ਮਾਹੀ-ਦੇਸ਼' ਜੇ ਗਰਮੀ
ਪੈਂਦੀ ਲੈ ਲੈ ਕੇ ਝਈਆਂ।
-----()-----
( ਭਾਈ ਵੀਰ ਸਿੰਘ ਜੀ, ਬਾਰਾਂ ਮਾਹ)

ਆਵਾਜ਼ਿ ਕੌਮ
AWAZE QAUM
International Newspaper & WEB TV

ਹਾੜ ਮਹੀਨੇ ਹੌਕੇ ਭਰ-ਭਰ,
ਤਰਲੇ ਕਰਦੀ ਰਹਿੰਦੀ ਹਾਂ।
ਆਵੀਂ ਮਾਹੀ ਆਵੀਂ ਮਾਹੀ,
ਪੜ੍ਹਦੀ ਉੱਠਦੀ ਬਹਿੰਦੀ ਹਾਂ।
ਦੁੱਖ ਵਿਛੋੜਾ ਤੇਰਾ ਦਿਲਬਰ,
ਮਰ-ਮਰ ਕੇ ਪਈ ਸਹਿੰਦੀ ਹਾਂ।
ਵਕਤ ਸੁਬਹ ਦੇ ਹਾਲ ਹਾਵਾਂ ਨੂੰ,
'ਸਰਫ' ਬੰਦੀ ਮੈਂ ਕਹਿੰਦੀ ਹਾਂ।
**(ਬਾਬੂ ਫੀਰੋਜ਼ਦੀਨ ਸਰਫ)**
-----()-----

ਆ ਗਿਆ ਏ ਮਹੀਨਾ ਹਾੜ ਦਾ,
ਏ ਸੀਨਾ ਸਾਡਾ ਜਾਵੇ ਸਾੜਦਾ,
ਭੜੋਲੀ ਵਾਲੇ ਦੁੱਧ ਵਾਗੂੰ ਕਾੜਦਾ,
ਆ ਗਿਆ ਏ ਮਹੀਨਾ ਹਾੜ ਦਾ। **(ਧ. ਸ)**

**ਗੁਰਬਾਣੀ ਵਿੱਚ ਜ਼ਿਕਰ**-ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਬਾਰਹ ਮਾਹ ਤੁਖਾਰੀ' ਰਾਗ ਅਤੇ ਗੁਰੂ ਅਰਜਨ ਦੇਵ ਜੀ ਨੇ 'ਬਾਰਹ ਮਾਹ ਮਾਂਝ' ਰਾਗ ਵਿੱਚ ਦੇਸੀ ਬਾਰਾਂ ਮਹੀਨਿਆਂ ਦਾ ਜ਼ਿਕਰ ਕੀਤਾ ਹੈ। ਹਾੜ ਮਹੀਨਾ ਦੇਸੀ ਚੌਥਾ ਮਹੀਨਾ ਹੈ। ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਮਹਲਾ 5 ਘਰ 4 ਸਿਰਲੇਖ ਹੇਠ ਸ਼ਬਦ ਉਚਾਰਦੇ ਹਨ, ਜਿਸ ਵਿੱਚ ਦੇਸੀ ਬਾਰਾਂ ਮਹੀਨਿਆਂ ਦਾ ਜ਼ਿਕਰ ਆਉਂਦਾ ਹੈ।ਗੁਰੂ ਸਾਹਿਬ ਹਰ ਮਹੀਨੇ ਦੇ ਨਾਂਅ ਹੇਠ ਉਚਾਰੇ ਗਏ ਸ਼ਬਦ ਵਿੱਚ ਇਹ ਸਮਝਾਉਂਦੇ ਹਨ ਕਿ ਉਸ ਅਕਾਲ ਪੁਰਖ ਪ੍ਰਮੇਸ਼ਰ ਦੇ ਭੁੱਲਿਆ ਹੀ ਸਭ ਦੁੱਖ-ਕਲੇਸ਼ ਆ ਘੇਰਦੇ ਹਨ। ਉਸ ਹਰੀ ਦੀ ਯਾਦ ਨੂੰ ਸਦਾ ਮਨ ਵਿੱਚ ਵਸਾਇਆਂ ਹੀ ਦੁੱਖਾਂ-ਕਲੇਸ਼ਾਂ, ਪਾਪਾਂ ਦਾ ਨਾਸ਼ ਹੁੰਦਾ ਹੈ। ਇਸ ਸ਼ਬਦ ਦੀ ਸ਼ੁਰੂਆਤ ਬੜੇ ਹੀ ਸੁੰਦਰ ਸ਼ਬਦਾਂ ਨਾਲ ਕਰਦੇ ਹੋਏ ਸਾਨੂੰ ਸਮਝਾਉਂਦੇ ਹਨ ਤੇ ਉਸ ਮਾਲਕ ਪ੍ਰਭੂ ਨੂੰ ਸਾਡੇ ਤੇ ਮਿਹਰ ਕਰਨ ਲਈ ਅਰਦਾਸ ਬੇਨਤੀ ਕਰਦੇ ਹਨ।

ਬਾਰਹ ਮਾਹਾ ਮਾਂਝ ਮਹਲਾ 5 ਘਰ 4
ਸਤਿਗੁਰ ਪ੍ਰਸਾਦਿ॥
ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥
ਪ੍ਰਭ ਸੁਆਮੀ ਕੰਤ ਵਿਹੂਣੀਆਂ ਮੀਤ ਸਜਣ ਸਭਿ ਜਾਮ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥

ਮੇਰੇ ਮਾਲਕ ਮਿਹਰ ਕਰ ਅਤੇ ਸਾਨੂੰ ਆਪਣੇ ਚਰਨਾਂ ਨਾਲ ਜੋੜ ਲੈ। ਅਸੀਂ ਜੀਵ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਤੇਰੇ ਚਰਨ ਕਮਲਾਂ ਤੋਂ ਵਿਛੁੜੇ ਹੋਏ ਹਾਂ। ਅਸੀਂ ਪਾਪੀ ਜੀਵ ਤੈਨੂੰ ਭੁੱਲੇ ਬੈਠੇ ਹਾਂ।ਆਪ ਜੀ ਬਖਸ਼ਣਹਾਰ ਹੋ। ਤੁਸੀ ਮਿਹਰ ਕਰਕੇ ਸਾਨੂੰ ਆਪਣੇ ਚਰਨੀਂ ਲਾ ਲਵੋ।ਮਾਇਆ ਦੇ ਮੋਹ ਵਿੱਚ ਫਸ ਕੇ ਅਸੀਂ ਆਪਣੇ ਸੁੱਖਾਂ ਦੀ ਖਾਤਰ ਭਟਕਦੇ ਫਿਰਦੇ ਹਾਂ। ਹੇ ਪ੍ਰਭੂ! ਥੱਕ ਹਾਰ ਕੇ ਅਸੀਂ ਤੇਰੀ ਸ਼ਰਨ ਆਏ ਹਾਂ।ਪਾਤਸ਼ਾਹ ਜੀ ਸਾਨੂੰ ਪਾਪੀਆਂ ਨੂੰ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਦੁੱਧ ਤੋਂ ਬਿਨ੍ਹਾਂ ਗਾਂ ਕਿਸੇ ਕੰਮ ਨਹੀ ਆਉਂਦੀ। ਜਿਵੇਂ ਪਾਣੀ ਤੋਂ ਬਿਨ੍ਹਾਂ ਖੇਤੀ ਸੁੱਕ ਜਾਂਦੀ ਹੈ। ਫਸਲ ਨਹੀ ਪੱਕਦੀ ਤੇ ਉਸ ਖੇਤੀ ਵਿੱਚੋਂ ਧੰਨ ਦੀ ਪ੍ਰਾਪਤੀ ਨਹੀ ਹੁੰਦੀ, ਤਿਵੇਂ ਹੀ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ। ਸੱਜਣ ਖਸਮ ਪ੍ਰਭ ਨੂੰ ਮਿਲਣ ਤੋਂ ਬਿਨ੍ਹਾਂ ਕਿਸੇ ਹੋਰ ਥਾਂ ਸੁੱਖ ਭੀ ਨਹੀ ਮਿਲਦਾ।ਜਿਸ ਹਿਰਦੇ ਘਰ ਵਿੱਚ ਪਤੀ ਪ੍ਰਭੂ ਆ ਵਸੇ,ਉਹ ਸੁਹਾਵਣਾ ਹੈ। ਉਹ ਪਿੰਡ ਤੇ ਸ਼ਹਿਰ ਤੰਦੂਰ, ਭੱਠੀ ਵਾਂਗ ਤੱਪਦੇ ਹਨ।

ਜਿਵੇਂ ਇਸਤਰੀ ਨੂੰ ਪਤੀ ਤੋਂ ਬਿਨ੍ਹਾਂ ਸਰੀਰ ਦੇ ਸਾਰੇ ਸ਼ਿੰਗਾਰ ਫਜ਼ੂਲ ਦਿੱਸਦੇ ਹਨ, ਜਿਵੇਂ ਲਾੜੇ ਤੋਂ ਬਿਨ੍ਹਾਂ ਸਾਰੇ ਸੱਜਣ ਮਿੱਤਰ ਵੈਰੀ ਦਿੱਸਦੇ ਹਨ।ਕਿਰਪਾ ਕਰਕੇ ਆਪਣੇ ਨਾਮ ਦੀ ਦਾਤ ਬਖਸ਼।ਆਪਣੇ ਚਰਨਾ ਨਾਲ ਮੈਨੂੰ ਜੋੜੀ ਰੱਖ, ਹੋਰ ਸਾਰੇ ਆਸਰੇ ਸਹਾਰੇ ਨਾਸਵੰਤ ਹਨ। ਇੱਕ ਤੇਰਾ ਘਰ ਸਦਾ ਅਟੱਲ ਰਹਿਣ ਵਾਲਾ ਹੈ।ਵਿਦਵਾਨ ਲਿੱਖਦੇ ਹਨ ਕਿ ਜੇ ਆਪਣੀ ਸੁਰਤ ਨੂੰ ਗੁਰੂ ਚਰਨਾਂ ਵਿੱਚ ਟਿਕਾਅ ਕੇ ਬੜੇ ਹੀ ਧਿਆਨ ਨਾਲ ਇਸ ਬਾਰਹਮਾਂਹ ਦਾ ਪਾਠ ਕਰੀਏ ਤਾਂ ਪਤਾ ਲੱਗੇਗਾ ਕਿ ਗੁਰੂ ਜੀ ਹਰ ਮਹੀਨੇ ਦੇ ਨਜ਼ਾਰਿਆਂ ਅਤੇ ਰੁੱਤੀ ਸੁਭਾਉ ਨੂੰ ਲੈ ਕੇ ਮਨੁੱਖ ਦੇ ਜੀਵਨ ਉੱਤੇ ਘਟਾਂਦੇ ਹਨ। ਜਿਵੇਂ ਸਾਵਣ ਵਿੱਚ ਮੀਹਾਂ ਦੇ ਕਾਰਨ ਕੁਦਰਤ 'ਸਰਸੀ' ਹੁੰਦੀ ਹੈ, ਵਣ ਤ੍ਰਿਣ ਮਉਲਦਾ ਹੈ, ਜੀਵ ਜੰਤ ਉਮਾਹ ਵਿੱਚ ਹੁੰਦੇ ਹਨ।ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਦੀ ਤਬੀਅਤ ਵੀ ਰਸੀਲੀ ਹੁੰਦੀ ਹੈ ਅਤੇ ਦਿਲ ਵਿੱਚ ਪ੍ਰਭੂ ਪਤੀ ਦੇ ਮਿਲਣ ਦੀ ਚਾਹ ਪੈਦਾ ਹੁੰਦੀ ਹੈ।ਗੁਰੂ ਸਾਹਬ ਦੇਸੀ ਚੌਥੇ ਮਹੀਨੇ ਆਸਾੜੁ (ਹਾੜ) ਦਾ ਜ਼ਿਕਰ ਕਰਦੇ ਫੁਰਮਾਉਂਦੇ ਹਨ:

ਆਸਾੜੁ ਤਪੰਦਾ ਤਿਸੁ ਲਗੈ,
ਹਰਿ ਨਾਹੁ ਨ ਜਿੰਨਾ ਪਾਸਿ॥
ਜਗਜੀਵਨ ਪੁਰਖੁ ਤਿਆਗਿ ਕੈ, ਮਾਣਸ ਸੰਦੀ ਆਸ॥
ਦੁਯੈ ਭਾਇ ਵਿਗੁਚੀਐ, ਗਲਿ ਪਈਸੁ ਜਮ ਕੀ ਫਾਸ॥
ਜੇਹਾ ਬੀਜੈ ਸੋ ਲੁਣੈ, ਮਥੈ ਜੋ ਲਿਖਿਆਸੁ॥
ਰੈਣਿ ਵਿਹਾਣੀ ਪਛੁਤਾਣੀ, ਉਠਿ ਚਲੀ ਗਈ ਨਿਰਾਸ॥
ਜਿਨ ਕੌ ਸਾਧੂ ਭੇਟੀਐ, ਸੋ ਦਰਗਹਿ ਹੋਇ ਖਲਾਸੁ॥
ਕਰਿ ਕਿਰਪਾ ਪ੍ਰਭ ਆਪਣੀ, ਤੇਰੇ ਦਰਸਨ ਹੋਇ ਪਿਆਸ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ, ਨਾਨਕ ਕੀ ਅਰਦਾਸਿ॥
ਆਸਾੜੁ ਸੁਹੰਦਾ ਤਿਸੁ ਲਗੈ, ਜਿਸੁ ਮਨਿ ਹਰਿ ਚਰਣ ਨਿਵਾਸ॥


ਕਿੰਨ੍ਹਾਂ ਨੂੰ ਹਾੜ੍ਹ ਦਾ ਮਹੀਨਾ ਤਪਾਦਾਂ ਹੈ ਤੇ ਕਿੰਨ੍ਹਾਂ ਨੂੰ ਸੁਹੰਦਾ (ਸੁਹਾਵਣਾ) ਲੱਗਦਾ ਹੈ। ਦੱਸਦੇ ਹਨ ਕਿ ਹਾੜ ਦਾ ਮਹੀਨਾ ਉਹਨਾਂ ਨੂੰ ਸਾੜਦਾ ਹੈ, ਗਰਮ ਲੱਗਦਾ ਹੈ, ਜਿੰਨ੍ਹਾਂ ਦੇ ਮਨ ਵਿੱਚ, ਹਿਰਦੇ ਵਿੱਚ ਉਹ ਪ੍ਰਭੂ ਨਹੀ ਵੱਸਦਾ।ਉਹ ਮਨੁੱਖ ਸਦਾ ਕਲਪਦੇ ਵਿਲਕਦੇ ਰੌਂਦੇ ਰਹਿੰਦੇ ਹਨ। ਜਿਹੜੇ ਮਨੁੱਖ ਉਸ ਜਗਤ ਦੇ ਸਹਾਰੇ ਪ੍ਰਭੂ ਦੀ ਯਾਦ ਆਪਣੇ ਮਨ ਵਿੱਚੋਂ, ਦਿਲ ਵਿੱਚੋਂ ਭੁਲਾ ਕੇ ਕਿਸੇ ਦੂਜੇ ਮਨੁੱਖ ਦਾ ਆਸਰਾ ਤੱਕਦੇ ਹਨ, ਕਿਸੇ ਦੂਜੇ ਮਨੁੱਖ ਤੇ ਭਰੋਸਾ ਰੱਖਦੇ ਹਨ। ਝੂਠਿਆਂ ਪਿੱਛੇ ਲੱਗ ਕੇ ਝੂਠੀਆਂ ਆਸਾਂ ਬਣਾਈ ਫਿਰਦੇ ਹਨ। ਉਹ ਸਦਾ ਖੁਆਰ ਹੀ ਹੁੰਦੇ ਹਨ। ਜੋ ਕੋਈ ਪ੍ਰਭੂ ਤੋਂ ਬਿਨ੍ਹਾਂ ਕਿਸੇ ਮਨੁੱਖ ਦਾ ਸਹਾਰਾ ਲੈਂਦਾ ਹੈ। ਮੌਤ ਦੀ ਫਾਹੀ ਉਸਨੂੰ ਆਪਣੀ ਜਕੜ ਵਿੱਚ ਲੈ ਲੈਂਦੀ ਹੈ। ਉਹ ਸਦਾ ਡਰਿਆ ਰਹਿੰਦਾ ਹੈ। ਆਪਣੇ ਕੀਤੇ ਕਰਮਾਂ ਅਨੁਸਾਰ ਮਨੁੱਖ ਜੋ ਬੀਜ਼ ਬੀਜਦਾ ਹੈ, ਉਹੀ ਫਸਲ ਵੱਢਦਾ ਹੈ, ਉਸਨੂੰ ਉਹੀ ਫਲ ਖਾਣਾ ਪੈਂਦਾ ਹੈ।

ਜਦ ਇਸ ਮਨੁੱਖਾ ਦੇਹੀ ਦੀ ਰੈਣਿ (ਰਾਤ) ਬੀਤ ਜਾਂਦੀ ਹੈ, ਤਾਂ ਉਹ ਬੇਉਮੀਦ ਹੋ ਕੇ ਬਹੁਤ ਹੀ ਜ਼ਿਆਦਾ ਪਛਤਾਉਂਦਾ ਹੋਇਆ ਇਸ ਸੰਸਾਰ ਤੋਂ ਤੁਰ ਜਾਂਦਾ ਹੈ, ਕੂਚ ਕਰ ਜਾਂਦਾ ਹੈ। ਇਸ ਦੇ ਉਲਟ ਜਿੰਨ੍ਹਾਂ ਗੁਰਮੁੱਖਾਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਗੁਰਮੁੱਖ ਉਸ ਅਕਾਲ ਪੁਰਖ ਦੇ ਦਰਬਾਰ ਵਿੱਚ ਬਹੁਤ ਹੀ ਇੱਜ਼ਤ ਮਾਣ ਪਾਉਂਦੇ ਹਨ ਭਾਵ ਕਿ ਸੁਰਖਰੂ ਹੋ ਕੇ ਜਾਂਦੇ ਹਨ।ਤੇਰੇ ਬਿਨ੍ਹਾ ਮੇਰਾ ਹੋਰ ਦੂਜਾ ਕੋਈ ਸਹਾਰਾ ਨਹੀ ਹੈ।ਹੇ ਮੇਰੇ ਮਾਲਕ! ਤੂੰ ਮਿਹਰ ਕਰ ਕਿ ਮੈਂ ਸਦਾ ਤੇਰੇ ਚਰਣਾਂ ਨਾਲ ਜੁੜਿਆ ਰਹਾਂ। ਹਾੜ ਦਾ ਮਹੀਨਾ ਉਸਨੂੰ ਸੋਹਣਾ ਲੱਗਦਾ ਹੈ, ਖੁਸ਼ਗਵਾਰ ਲੱਗਦਾ ਹੈ,ਜਿਸ ਦੇ ਮਨ ਵਿੱਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਸਦਾ ਬਣਿਆ ਰਹਿੰਦਾ ਹੈ।ਦੁੱਖ ਕਲੇਸ਼ ਸਦਾ ਉਸ ਤੋਂ ਦੂਰ ਰਹਿੰਦੇ ਹਨ।ਉਹ ਖੁਸ਼ ਰਹਿੰਦਾ ਹੈ।

ਬਾਰਹ ਮਾਹ ਤੁਖਾਰੀ
ਆਸਾੜੁ ਭਲਾ ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥

ਗੁਰੂ ਸਾਹਿਬ ਕ੍ਰਿਪਾ ਕਰਨ ਇਹ ਹਾੜ ਮਹੀਨਾ ਸਭ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ। ਗੁਰੂ ਸਾਹਿਬ ਸਭ ਨੂੰ ਨਾਮ ਦਾਨ ਸੇਵਾ ਸਿਮਰਨ ਦੀ ਦਾਤ ਬਖਸ਼ਣ ਜੀ।

**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ-143022**



ਦਮਦਮੀ ਟਕਸਾਲ ਮੁਖੀ ਵੱਲੋਂ

# ਪੱਤਰਕਾਰਾਂ ਨੂੰ ਕੀਤਾ ਸਨਮਾਨਿਤ



**ਚੌਂਕ ਮਹਿਤਾ, 13 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਵਿਖੇ 6 ਜੂਨ ਦੇ ਸ਼ਹੀਦੀ ਸਮਾਗਮਾਂ ਦੀ ਵਧੀਆ ਕਵਰੇਜ ਕਰਨ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਨਿਊ ਮਾਝਾ ਪ੍ਰੈਸ ਕਲੱਬ ਮਹਿਤਾ ਚੌਂਕ ਦੇ ਸਮੂਹ ਪੱਤਰਕਾਰਾਂ ਨੂੰ ਸਨਮਾਨਿਤ ਕੀਤਾ। ਉਹਨਾਂ ਨੇ ਕਲੱਬ ਦੇ ਪ੍ਰਧਾਨ ਬਲਜਿੰਦਰ ਸਿੰਘ ਰੰਧਾਵਾ, ਸਰਪ੍ਰਸਤ ਜਗਦੀਸ਼ ਸਿੰਘ ਬਮਰਾਹ, ਜਤਿੰਦਰ ਪਾਲ ਸਿੰਘ, ਡਾਕਟਰ ਦਲਜੀਤ ਸਿੰਘ, ਦਵਿੰਦਰ ਸਿੰਘ ਰੰਧਾਵਾ, ਰਾਜਵਿੰਦਰ ਸਿੰਘ ਰੰਧਾਵਾ ਅਤੇ ਜੋਗਿੰਦਰ ਸਿੰਘ ਮਾਣਾ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਭਵਿੱਖ ਵਿੱਚ ਵੀ ਸਾਫ ਸੁੱਥਰੀ ਪੱਤਰਕਾਰੀ ਕਰਕੇ ਸਮਾਜ ਨੂੰ ਇੱਕ ਚੰਗੀ ਸੇਧ ਦੇਣ ਦੀ ਕਾਮਨਾ ਵੀ ਕੀਤੀ। ਇਸ ਮੌਕੇ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਜਥੇਦਾਰ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਅਤੇ ਹੋਰ ਸਿੰਘ ਵੀ ਹਾਜ਼ਰ ਸਨ।

ਖਾਲਸਾ ਅਕੈਡਮੀ ਅਤੇ ਖਾਲਸਾ ਪ੍ਰੀਮੀਅਮ ਸਕੂਲ ਮਹਿਤਾ ਵਿਖੇ

# ਨਵੇਂ ਡਾਇਰੈਕਟਰ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ਦੀ ਹੋਈ ਨਿਯੁਕਤੀ



**ਚੌਂਕ ਮਹਿਤਾ, 13 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਅਕੈਡਮੀ ਮਹਿਤਾ ਵਿਖੇ ਨਵੇਂ ਡਾਇਰੈਕਟਰ ਪ੍ਰਿੰਸੀਪਲ ਦੀ ਨਿਯੁਕਤੀ ਕੀਤੀ ਗਈ ਹੈ।ਜਿਸ ਮੌਕੇ ਡਾ. ਜਤਿੰਦਰ ਸ਼ਰਮਾ ਨੂੰ ਯੋਗ ਅਤੇ ਤਜਰਬੇਕਾਰ ਅਧਿਆਪਕ ਹੋਣ ਕਰਕੇ ਇਸ ਅਹੁਦੇ ਦਾ ਮਾਣ ਪ੍ਰਾਪਤ ਹੋਇਆ ਹੈ। ਡਾ. ਜਤਿੰਦਰ ਸ਼ਰਮਾ ਪੀ. ਐੱਚ. ਡੀ ਹੋਣ ਦੇ ਨਾਲ ਨਾਲ ਪੁਲਿਸ ਡੀ . ਏ. ਵੀ ਪਬਲਿਕ ਸਕੂਲ ਮਾਨਸਾ ਦੇ 21 ਸਾਲਾਂ ਤੋਂ ਬਤੌਰ ਪ੍ਰਿੰਸੀਪਲ ਵਜੋਂ ਕੰਮ ਕਰਦੇ ਰਹੇ ਹਨ। ਖਾਲਸਾ ਅਕੈਡਮੀ ਦੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਨੂੰ ਮੁੱਖ ਰੱਖਦਿਆਂ ਅਤੇ ਇਸ ਇਲਾਕੇ ਦੇ ਲੋਕਾਂ ਨੂੰ ਸਕੂਲ ਸੰਬੰਧਿਤ ਸਾਰੀਆਂ ਸਹੂਲਤਾਂ ਮੁਹਈਆ ਕਰਵਾਉਣ ਲਈ ਇਹ ਇਕ ਬਹੁਤ ਵੱਡਾ ਉਪਰਾਲਾ ਕੀਤਾ ਗਿਆ ਹੈ। ਸਕੂਲ ਵਿੱਚ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ, ਸ਼ਿਸ਼ਟਾਚਾਰ ਨੂੰ ਬਣਾਈ ਰੱਖਣ ਲਈ ਅਤੇ ਹੋਰ ਸਾਰੀਆਂ ਸਕੂਲੀ ਗਤੀਵਿਧੀਆਂ ਕਰਵਾਉਣ ਲਈ ਇਕ ਚੰਗੇ ਡਾਇਰੈਕਟਰ ਪ੍ਰਿੰਸੀਪਲ ਦੀ ਚੋਣ ਕੀਤੀ ਗਈ ਹੈ।ਜੋ ਆਉਣ ਵਾਲੇ ਸਮੇਂ ਵਿੱਚ ਖਾਲਸਾ ਅਕੈਡਮੀ ਦਾ ਨਾਮ ਹੋਰ ਉੱਚਾ ਕਰਨਗੇ। ਇਸ ਮੌਕੇ ਤੇ ਭਾਈ ਸੁਖਦੇਵ ਸਿੰਘ ਜੀ ਮੁੱਖ ਬੁਲਾਰਾ ਦਮਦਮੀ ਟਕਸਾਲ, ਗਿ. ਸਾਹਿਬ ਸਿੰਘ ਜੀ, ਮੈਡਮ ਸੁਖਮੀਤ ਕੌਰ, ਸ. ਗੁਰਦੀਪ ਸਿੰਘ ਜੀ ਜਲਾਲ ਉਸਮਾ, ਸ. ਹਰਸ਼ਦੀਪ ਸਿੰਘ ਰੰਧਾਵਾ, ਸ. ਅਵਤਾਰ ਸਿੰਘ ਬੁੱਟਰ ,ਸ.ਗੁਰਪਿੰਦਰ ਸਿੰਘ,ਸ. ਸੁਖਦੇਵ ਸਿੰਘ,ਮੈਡਮ ਪਰਵੀਨ ਕੌਰ , ਮੈਡਮ ਹਰਜੀਤ ਕੌਰ , ਮੈਡਮ ਗੀਤਾ ਸ਼ਰਮਾ ਅਤੇ ਲਾਸਿਆ ਸ਼ਰਮਾ,ਮੈਡਮ ਜੀਵਨਦੀਪ ਕੌਰ , ਮੈਡਮ ਤਨੀਆ ਮਾਨ ਅਤੇ ਸਮੂਹ ਸਟਾਫ ਮੈਂਬਰਾਂ ਨੇ ਵਧਾਈਆਂ ਦਿੱਤੀਆਂ।

ਅਨੀਮੀਆਂ ਮੁਕਤ ਭਾਰਤ ਮੁਹਿੰਮ ਤਹਿਤ

# ਆਰ.ਬੀ.ਐਸ.ਕੇ ਦੀਆਂ ਟੀਮਾਂ ਦੀ ਕੀਤੀ ਮੀਟਿੰਗ

**ਚੌਂਕ ਮਹਿਤਾ, 13 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਜਿਲ੍ਹਾ ਤਰਨ ਤਾਰਨ ਵਲੋਂ ਸਿਵਲ ਸਰਜਨ ਡਾ ਭਾਰਤੀ ਭੂਸ਼ਣ ਜੀ ਦੀ ਪ੍ਰਧਾਨਗੀ ਹੇਠਾਂ ਅਨੀਮੀਆ ਮੁਕਤ ਭਾਰਤ ਮੁਹਿੰਮ ਤਹਿਤ ਆਰ.ਬੀ.ਐਸ.ਕੇ ਦੀਆਂ ਟੀਮਾਂ ਦੀ ਅਹਿਮ ਮੀਟਿੰਗ ਕੀਤੀ ਗਈ।ਇਸ ਮੋਕੇ ਤੇ ਸਿਵਲ ਸਰਜਨ ਡਾ ਭਾਰਤ ਭੂਸ਼ਣ ਨੇ ਕਿਹਾ ਕਿ ਅਨੀਮੀਆਂ ਕਾਰਣ ਵਿੱਚ ਸ਼ਰੀਰ ਵਿੱਚ ਖੂਨ ਦੀ ਕਮੀ ਹੋ ਜਾਦੀ ਹੈ ਅਤੇ ਸਰੀਰਕ ਤੰਦਰੁਸਤੀ ਤੇ ਵਾਧੇ ਤੇ ਬਹੁਤ ਮਾੜਾ ਅਸਰ ਪੈਂਦਾ ਹੈ ਅਤੇ ਜੱਚਾ-ਬੱਚਾ ਦੀ ਮੌਤ ਦਰ ਦਾ ਇੱਕ ਵੱਡਾ ਕਾਰਣ ਅਨੀਮੀਆ ਹੀ ਹੈ। ਇਸ ਸੱਮਸਿਆ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵਲੋ ਨਿਰੰਤਰ ਓਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਇਸ ਮੁਹਿੰਮ ਤਹਿਤ ਸਾਰੇ ਸੀਨੀਅਰ ਮੈਡੀਕਲ ਅਫਸਰਾਂ ਨੂੰ ਨੋਡਲ ਅਫਸਰ ਬਾਣਾਇਆਂ ਗਿਆ ਹੈ। ਹਫਤੇ ਦੇ ਹਰ ਬੱਧਵਾਰ ਅਤੇ ਸ਼ਨੀਵਾਰ ਨੂੰ ਕੈਂਪ ਲਗਾ ਕੇ ਸਕੂਲ ਹੈਲਥ ਟੀਮਾਂ ਵਲੋਂ ਬੱਚਿਆਂ ਦੀ ਅਚੈ.ਬੀ. ਟੈਸਟਿੰਗ ਕੀਤੀ ਜਾਣੀ ਹੈ ਅਤੇ ਅਨੀਮੀਆਂ ਵਾਲੇ ਬੱਚਿਆਂ ਨੂੰ ਆਰ.ਬੀ.ਐਸ.ਕੇ. ਦੀਆਂ ਟੀਮਾਂ ਵਲੋਂ ਆਈ.ਐਫ.ਏ. ਦੀਆਂ ਗੋਲੀਆਂ ਦਿੱਤੀਆਂ ਜਾਣਗੀਆਂ। ਇਸਦੀ ਰਿਪੋਰਟ ਹਰ ਹਫਤੇ ਜਿਲ੍ਹਾ ਪੱਧਰ ਤੇ ਅਤੇ ਹਰ ਮਹੀਨੇ ਸਟੇਟ ਪੱਧਰ ਤੇ ਆਨ-ਲਾਈਨ ਭੇਜੀ ਜਾਵੇਗੀ। ਇਸਤੋਂ ਇਲਾਵਾ ਗਰਭਵਤੀ ਮਾਵਾਂ ਨੂੰ ਜਣੇਪੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਇਰਨ ਦੀ ਗੋਲੀਆਂ ਮੁਫਤ ਦੇਣਾ, ਹਫਤਾਵਰੀ ਆਇਰਨ ਫੋਲੀਕ ਐਸਿਡ ਸਪਲੀਮੈਂਟ ਤਹਿਤ 10 ਤੋਂ 19 ਸਾਲ ਤੱਕ ਦੇ ਸਾਰੇ ਰਜਿਸਟਰਡ ਕਿਸੋਰ/ਕਿਸ਼ੋਰੀਆਂ ਨੂੰ ਆਂਗਣਵਾੜੀ ਕੇਦਰਾਂ ਵਿਖੇ 6 ਵੀ ਤੋ 12 ਵੀ ਕਲਾਸ ਤੱਕ ਦੇ ਸਾਰੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆ ਨੂੰ ਹਫਤੇ ਵਿੱਚ ਇਕ ਵਾਰ ਆਇਰਨ ਫੋਲਿਕ ਐਸਿਡ ਦੀ ਗੋਲੀ ਖੁਆਈ ਜਾਦੀ ਹੈ। ਇਸ ਮੌਕੇ ਤੇ ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ ਨੇ ਉਮੰਗ ਕਲਿਨੀਕ, ਕਲੱਬ ਫੀਟ ਜਾਗਰੂਕਤਾ ਬਾਰੇ ਜਾਣਕਾਰੀ ਦਿੱਤੀ ਅਤੇ ਆਰ.ਬੀ.ਐਸ.ਕੇ ਟੀਮਾਂ ਦੇ ਕੰਮਾਂ ਦੀ ਸਮੀਖਿਆ ਕੀਤੀ। ਇਸ ਮੌਕੇ ਤੇ ਡਾ ਅਮਨਦੀਪ ਸਿੰਘ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਕੋਆਰਡੀਨੇਟਰ ਰਜਨੀ ਸ਼ਰਮਾਂ ਅਤੇ ਸਮੂਹ ਸਲੂਕ ਹੈਲਥ ਟੀਮਾਂ ਹਾਜਰ ਸਨ।



# ਵੱਧ ਰਹੀ ਸ਼ੂਗਰ ਦੀ ਬੀਮਾਰੀ ਪ੍ਰਤੀ ਸੁਚੇਤ ਰਹੋ: ਡਾ ਨੀਲਮ ਭਗਤ




**ਚੌਂਕ ਮਹਿਤਾ, 13 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਵਲੋਂ ਦਫਤਰ ਸਿਵਲ ਸਰਜਨ ਵਿਖੇ ਸਿਵਲ ਸਰਜਨ ਡਾ ਸੁਮੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲਾ ਟੀਕਾਕਰਣ ਅਫਸਰ ਡਾ ਨੀਲਮ ਭਗਤ ਵਲੋਂ ਜੱਚਾ-ਵੱਧ ਰਹੀ ਸ਼ੂਗਰ ਦੀ ਬੀਮਾਰੀ ਸੰਬਧੀ ਇੱਕ ਰੋਜਾ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਅਵਸਰ ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ ਵਲੋਂ ਕਿਹਾ ਕਿ ਸਾਨੂੰ ਸ਼ੂਗਰ ਦੀ ਬੀਮਾਰੀ ਪ੍ਰਤੀ ਸੁਚੇਤ ਰਹਿਣਾਂ ਚਾਹੀਦਾ ਹੈ ਅਤੇ ਸਮੇਂ-ਸਮੇਂ ਤੇ ਆਪਣੀ ਜਾਂਚ ਕਰਵਾਉਣੀਂ ਚਾਹੀਦੀ ਹੈ, ਕਿਉਕਿ ਸ਼ੂਗਰ ਦੀ ਬੀਮਾਰੀ ਨਾਲ ਹਾਈਰਿਸਕ ਕੇਸਾਂ ਵਿਚ ਬਹੁਤ ਵਾਧਾ ਹੋ ਰਿਹਾ ਹੈ ਅਤੇ ਗਰਭਵਤੀ ਮਾਵਾਂ ਵਿਚ ਮਾਤਰੀ ਮੌਤ ਦੇ ਕੇਸਾਂ ਦਾ ਵੱਡਾ ਕਾਰਣ ਵੀ ਸ਼ੂਗਰ ਅਤੇ ਹਾਈਪਰਟੇਂਸ਼ਨ ਦੀਆਂ ਬੀਮਾਰੀਆਂ ਬਣ ਰਹੀਆਂ ਹਨ। ਇਸ ਲਈ ਮਟਰਨਲ ਅਤੇ ਚਾਇਲਡ ਡੈਥ ਰੇਟ ਵਿਚ ਸੁਧਾਰ ਲਿਆਓਣ ਲਈ ਸਭ ਤੋਂ ਜਰੂਰੀ ਹੈ ਕਿ ਗਰਭਵਤੀ ਮਾਵਾ ਦੀ ਜਲਦੀ ਰਜਿਸਟ੍ਰੇਸ਼ਨ ਕਰਵਾਈ ਜਾਵੇ ਤਾਂ ਜੋ ਸਮੇਂ ਸਿਰ ਹਾਈਰਿਸਕ ਕੇਸਾਂ ਦੀ ਪਹਿਚਣ ਹੋ ਸਕੇ ਅਤੇ ਸਮੇਂ ਤੇ ਸਿਰ ਇਲਾਜ ਕਰਵਾਇਆ ਜਾ ਸਕੇ। ਜੇਕਰ ਕਿਸੇ ਨੂੰ ਪਹਿਲਾਂ ਤੋਂ ਅਜਿਹੀ ਸੱਮਸਿਆ ਰਹੀ ਹੋਵੇ ਤਾਂ ਤੁਰੰਤ ਡਾਕਟਰੀ ਸਹਾਇਤਾ ਲਈ ਨਜਦੀਕ ਦੇ ਸਰਕਾਰੀ ਹੈਲਥ ਸੈਂਟਰ ਤੇ ਜਾ ਕੇ ਆਪਣੀ ਜਾਂਚ ਤੇ ਇਲਾਜ ਕਰਵਾਉਣਾਂ ਚਾਹੀਦਾ ਹੈ। ਉਹਨਾਂ ਇਸ ਮੌਕੇ ਬੜੇ ਹੀ ਵਿਸਥਾਰ ਨਾਲ ਸ਼ੂਗਰ ਤੋਂ ਬਚਾਓ ਅਤੇ ਸਾਵਧਾਨੀਆਂ ਸੰਬਧੀ ਟਰੇਨਿੰਗ ਦਿੱਤੀ ਗਈ।ਇਸ ਮੌਕੇ ਤੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਕਮਲਦੀਪ ਭੱਲਾ, ਤ੍ਰਿਪਤਾ ਕੁਮਾਰੀ ਅਤੇ ਸਮੂਹ ਪੈਰਾ ਮੈਡੀਕਲ ਸਟਾਫ ਸਟਾਫ ਹਾਜਰ ਸਨ।

# ਸਿਹਤ ਵਿਭਾਗ ਤਰਨਤਾਰਨ ਲੋਕਾਂ ਦੀ ਨਿਰੋਈ ਸਿਹਤ ਲਈ ਹਮੇਸ਼ਾਂ ਹੀ ਵਚਨਬੱਧ : ਸਿਵਲ ਸਰਜਨ ਡਾ. ਭਾਰਤ ਭੂਸ਼ਣ



**ਚੌਂਕ ਮਹਿਤਾ, 13 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਲੋਕਾਂ ਦੀ ਨਿਰੋਈ ਸਿਹਤ ਲਈ ਹਮੇਸ਼ਾਂ ਹੀ ਵਚਨਬੱਧ ਹੈ। ਇਸੇ ਆਸ਼ੇ ਦੀ ਪੂਰਤੀ ਲਈ ਸਿਵਲ ਸਰਜਨ ਤਰਨਤਾਰਨ ਡਾ ਭਾਰਤ ਭੂਸ਼ਣ ਜੀ ਵਲੋ ਸਿਵਲ ਹਸਪਤਾਲ ਤਰਨਤਾਰਨ ਵਿਖੇ ਐਮਰਜੈਂਸੀ ਸੇਵਾਵਾਂ, ਓ.ਪੀ.ਡੀ. ਸੇਵਾਵਾਂ, ਦਵਾਈਆਂ, ਲੈਬ ਟੈਸਟ ਅਤੇ ਵਾਰਡਾਂ ਦੀ ਜਾਂਚ ਕੀਤੀ ਗਈ। ਇਸ ਦੌਰਾਣ ਐਮਰਜੈਂਸੀ ਵਿਭਾਗ, ਇੰਡੋਰ ਵਾਰਡਾਂ ਵਿਚ ਮਰੀਜਾਂ ਕੋਲੋ ਵੀ ਪੁਛ-ਗਿਛ ਕੀਤੀ ਗਈ ਅਤੇ ਸੰਬਧਤ ਸਟਾਫ ਨੂੰ ਮੌਕੇ ਤੇ ਹੋਰ ਬੇਹਤਰ ਸੇਵਾਵਾਂ ਦੇਣ ਸੰਬਧੀ ਹਿਦਾਇਤਾਂ ਦਿੱਤੀਆਂ ਗਈਆ। ਇਸ ਉਪਰੰਤ ਉਹਨਾਂ ਵਲੋਂ ਸਮੂਹ ਪ੍ਰੋਗਰਾਮ ਅਫਸਰਾਂ ਅਤੇ ਸਿਵਲ ਹਸਪਤਾਲ ਦੇ ਸਮੂਹ ਮੈਡੀਕਲ ਅਫਸਰਾਂ ਨਾਲ ਮੀਟਿੰਗ ਕੀਤੀ ਅਤੇ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਕਿਹਾ। ਇਸ ਅਵਸਰ ਤੇ ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ, ਸਹਾਇਕ ਸਿਵਲ ਸਰਜਨ ਡਾ ਦੇਵੀ ਬਾਲਾ, ਜਿਲਾ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ਼ ਗੁਪਤਾ, ਡਿਪਟੀ ਮੈਡੀਕਲ ਕਮਿਸ਼ਨਰ ਡਾ ਸੰਦੀਪ ਸਿੰਘ ਕਾਲੜਾ, ਜਿਲਾ ਸਿਹਤ ਅਫਸਰ ਡਾ ਸੁਖਦੀਪ ਕੌਰ, ਸੀਨੀਅਰ ਮੈਡੀਕਲ ਅਫਸਰ ਡਾ ਰਮਨਦੀਪ ਸਿੰਘ ਪੱਡਾ, ਡਾ ਸਿਮਰਨ ਕੌਰ, ਡਾ ਅਮਨਦੀਪ ਸਿੰਘ, ਡਾ ਸੁਖਜਿੰਦਰ ਸਿੰਘ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਸਮੇਤ ਸਮੂਹ ਮੈਡੀਕਲ ਅਫਸਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

‘ਪੀਂਘਾਂ ਸੋਚ ਦੀਆਂ ਸਾਹਿਤ ਮੰਚ’ ਕਰੇਗਾ

# ਸ੍ਰੀ ਅੰਮ੍ਰਿਤਸਰ ਸਾਹਿਬ ਜਿਲ੍ਹੇ ਦੇ 20 ਲੇਖਕਾਂ ਨੂੰ ਸਨਮਾਨਿਤ




**ਸ੍ਰੀ ਅੰਮ੍ਰਿਤਸਰ ਸਾਹਿਬ, 13 ਜੂਨ (ਆਵਾਜ਼ਿ ਕੌਮ ਬਿਊਰੋ)**-ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਜਿਲ੍ਹੇ ਪੱਧਰ ਉੱਤੇ ਕਾਰਜਸ਼ੀਲ ਹੁੰਦੇ ਹੋਏ 22 ਜੂਨ 2024 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੁਣੇ ਹੋਏ 20 ਲੇਖਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਰਸ਼ਿਪੰਦਰ ਕੌਰ ਗਿੱਲ ਨੇ ਦੱਸਿਆ ਕਿ ਸਾਡੇ ਮੰਚ ਦਾ ਉਦੇਸ਼ ਪੰਥ, ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਲਈ ਸੁਹਿਰਦਤਾ ਨਾਲ ਕਾਰਜ ਕਰਨਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਸਾਡੇ ਮੰਚ ਦਾ ਉਦੇਸ਼ ਪੰਥ, ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਲਈ ਸੁਹਿਰਦਤਾ ਨਾਲ ਕਾਰਜ ਕਰਨਾ ਹੈ-ਰਸ਼ਿਪੰਦਰ ਕੌਰ ਗਿੱਲ**

ਰਸ਼ਿਪੰਦਰ ਕੌਰ ਗਿੱਲ ਦਾ ਕਹਿਣਾ ਹੈ ਕਿ ਪੰਜਾਬੀ ਵਿੱਚ ਲਿਖਣ ਵਾਲੇ ਸਾਰੇ ਲੇਖਕ ਸਨਮਾਨ ਦੇ ਹੱਕਦਾਰ ਹਨ, ਜੋ ਆਪਣੀ ਮਾਂ ਬੋਲੀ ਦੇ ਪ੍ਰਸਾਰ ਲਈ ਆਪਣੇ ਖਿਆਲਾਂ ਨੂੰ ਪੰਜਾਬੀ ਵਿੱਚ ਕਲਮ ਬੱਧ ਕਰਦੇ ਹਨ। ਉਨਾਂ ਨੇ ਕਿਹਾ ਕਿ ਮੰਚ ਵੱਲੋਂ ਪੰਜਾਬ ਦੇ ਹਰ ਜਿਲ੍ਹੇ ਦੇ ਹਰ ਲੇਖਕ ਨੂੰ ਸਨਮਾਨਿਤ ਕੀਤਾ ਜਾਵੇਗਾ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਹਰ ਪ੍ਰੋਗਰਾਮ ਰਾਹੀਂ 20 ਲੇਖਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਤਾਂ ਜੋ ਹਰ ਲੇਖਕ ਨੂੰ ਵਿਸ਼ਵ ਪੱਧਰ ਤੱਕ ਹੌਂਸਲਾ ਅਫਜ਼ਾਈ ਮਿਲੇ ਅਤੇ ਹਰ ਲੇਖਕ ਆਪਣੀ ਕਲਮ ਰਾਹੀਂ ਪੰਜਾਬ ਦੇ ਹਰ ਮੁੱਦੇ ਉੱਤੇ ਆਪਣੇ ਵਿਚਾਰ ਖੁੱਲ ਕੇ ਰੱਖ ਸਕੇ। ਇਸ ਸਮਾਗਮ ਰਾਹੀਂ ਹਰ 20 ਲੇਖਕਾਂ ਨੂੰ ਸੁਣਿਆ ਜਾਵੇਗਾ ਅਤੇ ਉਨਾਂ ਦੇ ਵਿਚਾਰਾਂ ਰਾਹੀਂ ਉਨਾਂ ਦੀ ਸ਼ਖਸਿਅਤ ਨੂੰ ਵਿਸ਼ਵ ਪੱਧਰ ਤੇ ਉਜਾਗਰ ਕੀਤਾ ਜਾਵੇਗਾ। ਰਸ਼ਿਪੰਦਰ ਕੌਰ ਗਿੱਲ ਨੇ ਦੱਸਿਆ ਕਿ 22 ਜੂਨ ਨੂੰ ਹੋਣ ਵਾਲੇ ਸਮਾਗਮ ਦਾ ਸਾਰਾ ਪ੍ਰਬੰਧ ਮੰਚ ਨਾਲ ਜੁੜੇ ਹੋਏ ਮਹਾਨ ਸ਼ਖਸਿਅਤਾਂ ਨੇ ਮਿਲ ਕੇ ਕੀਤਾ ਹੈ। ਮੈਡਮ ਗੁਰਬਿੰਦਰ ਕੌਰ ਟਿੰਬਾ ਜੀ ਸਪੇਨ ਪ੍ਰਧਾਨ, ਡਾ.ਸੁਰਜੀਤ ਸਿੰਘ ਜਰਮਨੀ ਜੀ-ਪ੍ਰਧਾਨ ਜਰਮਨੀ IPCC (Intellectual Punjabi chamber of commerce) Bureau chief Germany (Punjab Headlines), ਸ਼੍ਰੀ ਅੰਮ੍ਰਿਤਸਰ ਦੇ ਪ੍ਰਧਾਨ ਡਾ. ਨਵਤੇਜ ਸਿੰਘ ਬੇਦੀ ਜੀ ਅਤੇ ਐਡਵੋਕੇਟ ਸ਼ੁਕਰਗੁਜਾਰ ਸਿੰਘ ਜੀ ਪ੍ਰਧਾਨ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਵਿਸ਼ੇਸ਼ ਤੌਰ ਤੇ ਇਸ ਸਮਾਗਮ ਦੇ ਪ੍ਰਬੰਧ ਵਿੱਚ ਯੋਗਦਾਨ ਪਾ ਰਹੇ ਹਨ। ਇਸ ਸਮਾਗਮ ਵਿੱਚ ਨਵੇਂ ਪੁਰਾਣੇ ਲੇਖਕਾਂ ਦਾ ਸੁਮੇਲ ਕੀਤਾ ਗਿਆ ਹੈ ਤਾਂ ਜੋ ਕਿ ਨਵੇਂ ਲੇਖਕਾਂ ਨੂੰ ਪੁਰਾਣੇ ਲੇਖਕਾਂ ਦੀ ਸੰਗਤ ਕਰਕੇ ਉਨਾਂ ਦੇ ਤਜਰਬਿਆਂ ਤੋਂ ਸਿੱਖਣ ਨੂੰ ਮਿਲੇ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਕਰਵਾਏ ਜਾ ਰਹੇ 22 ਜੂਨ 2024 ਦੇ ਸਨਮਾਨ ਸਮਾਰੋਹ ਦੇ 20 ਸਿਤਾਰੇ ਹਨ-1. ਭੁਪਿੰਦਰ ਸਿੰਘ ਸੰਧੂ (ਪ੍ਰਧਾਨ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ) 2. ਸ਼ੇਲਿੰਦਰਜੀਤ ਸਿੰਘ ਰਾਜਨ (ਪ੍ਰਧਾਨ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ) 3. ਦੀਪ ਦੇਵਿੰਦਰ ਸਿੰਘ (ਪੰਜਾਬੀ ਕਹਾਣੀਕਾਰ) 4. ਜਸਵੰਤ ਧਾਪ 5. ਸਤਨਾਮ ਜੱਸੜ 6. ਲਾਡੀ ਹੁੰਦਲ 7. ਡਾ.ਨਿਰਮ ਜੋਸਨ (ਸਟੇਟ ਐਵਾਰਡੀ) 8. ਸੁਰਿੰਦਰ ਕੌਰ ਸਰਾਏ 9. ਦਿਲਰਾਜ ਸਿੰਘ ‘ਦਰਦੀ’ (ਸਾਹਿਤ ਪ੍ਰਚਾਰ ਮੰਚ ਅੰਮ੍ਰਿਤਸਰ) 10. ਐਡਵੋਕੇਟ ਨਵਨੀਤ ਸਿੰਘ 11. ਅਮਨ ਢਿੱਲੋਂ ਕਸੇਲ 12. ਸਵ. ਅੰਮ੍ਰਿਤਪਾਲ ਸਿੰਘ ਪੰਨੂ ਖੱਬੀ ਰਾਜਪੂਤਾਂ 13. ਸਰਬਜੀਤ ਸਿੰਘ ਪੱਡਾ (ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ) 14. ਅਤਰ ਸਿੰਘ ਤਰਸਿੱਕਾ (ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਤਰਸਿੱਕਾ (ਅੰਮ੍ਰਿਤਸਰ)) 15. ਜਗਤਾਰ ਗਿੱਲ 16. ਸਵਿੰਦਰ ਸਿੰਘ ਲਾਹੌਰੀਆ (ਜੰਡਿਆਲਾ ਗੁਰੂ) 17. ਮਲਕੀਤ ਸਿੰਘ ਨਿਮਾਣਾ ਮੱਤੇਵਾਲ (ਪੰਥਕ ਕਵੀ) 18. ਐਡਵੋਕੇਟ ਵਿਸ਼ਾਲ ਸ਼ਰਮਾ ਉਰਫ ਸਿਦਕ 19. ਜਸਬੀਰ ਕੌਰ 20. ਬਲਵਿੰਦਰ ਕੌਰ ਪੰਧੇਰ। ਇਹ ਸਮਾਗਮ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਕਰਵਾਇਆ ਜਾ ਰਿਹਾ ਹੈ।

ਐਨ.ਆਰ.ਆਈ. ਢਿਲੋਂ ਪਰਿਵਾਰ ਦੀ ਜਮੀਨ ਨਾਲ ਉਹਨਾਂ ਦੇ ਹੀ

# ਚਾਚੇ ਦੇ ਜਵਾਈ ਨੇ ਮਾਰੀ ਠੱਗੀ :ਹਰਪਾਲ ਸਿੰਘ ਯੂ.ਕੇ.



**ਚੌਕ ਮਹਿਤਾ, 13 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿੰਨੇ ਪਰਿਵਾਰ ਬਾਹਰਲੇ ਵਿਦੇਸ਼ਾ ਵਿਚ ਗਏ ਹਨ ਉਥੇ ਕਾਰੋਬਾਰ ਕਰ ਰਹੇ ਹਨ, ਮਿਹਨਤਾਂ ਕਰ ਰਹੇ ਹਨ ਉਹਨਾਂ ਦੀਆਂ ਪੰਜਾਬ ਵਿਚ ਜਾਇਦਾਦਾਂ ਨਾਲ ਆਪਣੇ ਹੀ ਰਿਸ਼ਤੇਦਾਰ ਆਪਣੇ ਹੀ ਭੈਣ ਭਰਾ ਭਰੌਸੇ ਵਿਚ ਲੈ ਕੇ ਠੱਗੀਆ ਮਾਰ ਲੈਂਦੇ ਹਨ ਉਹਨਾਂ ਤੇ ਗਲਤ ਦਰਖਾਸਤਾਂ ਦੇ ਕੇ ਝੂਠੇ ਕੇਸ ਪਾ ਕੇ ਉਹਨਾਂ ਨੂੰ ਬਾਹਰਲੇ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਕਰਦੇ ਹਨ। ਇਕ ਤਾਜਾ ਘਟਨਾ ਪਿੰਡ ਦਬੁਰਜੀ ਤਹਿ. ਜਿਲ੍ਹਾ ਤਰਨ ਤਾਰਨ ਦੀ ਸਾਹਮਣੇ ਆਈ ਹੈ ਇਸ ਬਾਰੇ ਜਾਣਕਾਰੀ ਦਿੰਦਿਆਂ ਸ੍ਰ ਹਰਪਾਲ ਸਿੰਘ ਯੂ.ਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੂਬੇਦਾਰ ਚੰਨਣ ਸਿੰਘ ਪੁੱਤਰ ਗੁੱਜਰ ਸਿੰਘ ਦੇ ਤਿੰਨ ਬੇਟੇ ਇਕਬਾਲ ਸਿੰਘ ਢਿਲੋ, ਕੁਲਦੀਪ ਸਿੰਘ ਢਿਲੋ, ਜਗਤਾਰ ਸਿੰਘ ਢਿਲੋਂ ਇਹ ਪਹਿਲਾਂ ਤੋਂ ਹੀ ਇੰਡੀਆ ਦੇ ਵਿਚ ਸੈਟਲ ਸਨ ਸਰਕਾਰੀ ਨੌਕਰੀਆ ਕਰਦੇ ਸਨ ਫਿਰ ਰਿਟਾਇਰਮੈਂਟ ਤੋਂ ਬਾਅਦ ਬਾਹਰ ਚਲੇ ਗਏ। ਜਿਨਾਂ ਵਿਚੋਂ ਇਕ ਭਰਾ ਕੁਲਦੀਪ ਸਿੰਘ ਪੰਜਾਬ ਵਿਚ ਰਹਿੰਦਾ ਸੀ। ਉਸਦਾ ਇਕ ਪੁੱਤਰ ਸੀ ਉਸਦੀ 20-21 ਸਾਲ ਦੀ ਉਮਰ ਵਿਚ ਹੀ ਮੌਤ ਹੋ ਚੁਕੀ ਸੀ। ਇਕ ਉਸਦੀ ਬੇਟੀ ਗੁਰਪ੍ਰੀਤ ਕੌਰ ਸੀ ਸਾਰੀ ਉਮਰ ਪਿੰਡ ਦਬੁਰਜੀ ਦਾ ਠੇਕਾ ਬਰਾਬਰ ਤਿੰਨ ਹਿਸਿਆ ਵਿਚ ਵੰਡਿਆ ਜਾਂਦਾ ਸੀ। ਜਦੋਂ ਇਹਨਾ ਨੇ ਆਪਣੇ ਹਿਸੇ ਦੀ ਜਮੀਨ ਵੇਚਣੀ ਚਾਹੀ ਤਾਂ ਜਵਾਈ ਨੇ ਉਹਨਾਂ ਨੂੰ ਮਜਬੂਰ ਕਰਕੇ ਇਥੋ ਦੇ ਰੌਲੇ ਰੱਪੇ ਕਾਰਨ 34 ਕਨਾਲ 18 ਮਰਲੇ ਜਮੀਨ ਪਿੰਡ ਦਬੁਰਜੀ ਰਕਬਾ ਜਸੋਆਲਾ ਅਤੇ 02 ਕਿਲੇ ਪਿੰਡ ਦਬੁਰਜੀ ਵਾਕਿਆ ਜਲੋਆਣਾ ਜਿਸਦੀ ਕੀਮਤ ਲਗਭਗ 30,00,000 ਲੱਖ ਰੁਪਏ ਦੇ ਕਰੀਬ ਸੀ। ਇਸ ਨੇ ਮੀਆ ਮਿਠੂ ਬਣ ਕੇ ਆਪਣੀ ਘਰਵਾਲੀ ਦਾ ਵਾਸਤਾ ਪਾ ਕੇ ਕਿ ਤੁਹਾਡੀ ਬੇਟੀ ਹੈ ਇਹ ਜਮੀਨ ਸਾਨੂੰ ਲਿਖ ਦਿਉ। ਉਹਨਾਂ ਨੇ ਹਮਦਰਦੀ ਨਾਲ ਪਿੰਡ ਵਿਚ ਕਿਸੇ ਨਾਲ ਗੱਲ ਨਾ ਕੀਤੀ। ਇਸ ਨੇ 23,00,000 ਲੱਖ ਰੁਪਏ ਨਾਲ ਗੁਰਪ੍ਰੀਤ ਕੌਰ ਦੇ ਨਾਮ ਤੇ ਜਮੀਨ ਲਿਖ ਦਿਤੀ ਅਤੇ ਜੋ ਇਕਬਾਲ ਸਿੰਘ ਨੇ ਆਪਣੇ ਹਿੱਸੇ ਦੀ 20 ਕਨਾਲ 13 ਮਰਲੇ ਜਮੀਨ ਦੀ ਰਜਿਸ਼ਟਰੀ ਆਪਣੇ ਭਰਾ ਦੇ ਧੀ ਜਵਾਈ ਦੇ ਨਾਮ ਕਰ ਦਿਤੀ। ਜਦੋਂਕਿ ਉਹਨਾਂ ਦਾ 57,97,000 ਬਣਦਾ ਸੀ। ਇਸਨੇ 6,50,000 ਰੁਪਏ ਦਾ ਇਕ ਚੈਕ ਦਿੱਤਾ ਅਤੇ 10,00,000 ਲੱਖ ਦੀ ਐਨ.ਐਫ.ਟੀ. 4,99,000 ਦਾ ਇਕ ਚੈਕ ਦਿਤਾ, ਇਕ ਹੋਰ ਚੈਕ 4,99,000 ਦਾ ਦਿੱਤਾ। ਜੋ ਕੁਲ਼ 26,48,000 ਬਣਦਾ ਹੈ। ਜੋ 31,49,000 ਰੁਪਏ ਅੱਜ ਤੱਕ ਐਨੇ ਨਹੀ ਦਿੱਤਾ। ਉਹ ਇਹਨਾਂ ਨੂੰ ਧਮਕੀਆਂ ਦਿੰਦਾ ਸੀ ਇਹ ਡਰਦੇ ਮਾਰੇ ਵਿਦੇਸ਼ ਚਲੇ ਗਏ। ਜੋ ਪਿੰਡ ਭਾਈਚਾਰੇ ਚੋਂ ਉਹਨਾਂ ਨੇ ਹਰਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ, ਅਜੀਤ ਸਿੰਘ ਪੁੱਤਰ ਗੁਰਬਖਸ਼ ਸਿੰਘ ਨੂੰ ਸਾਰੀ ਕਾਰਵਾਈ ਕਰਨ ਬਾਰੇ ਮੁਖਤਾਰਨਾਮਾ ਦੇ ਦਿਤਾ। ਪਰ ਇਸਨੇ ਜੋ ਪਿੰਡ ਸਾਂਝਾ ਖਾਤਾ ਸੀ ਉਸ ਨੂੰ ਪਹਿਲਾ ਤੋਂ ਹੀ ਹਰਪਾਲ ਸਿੰਘ ਅਤੇ ਅਜੀਤ ਸਿੰਘ ਜਮੀਨ ਵਹਾਉਂਦੇ ਸੀ ਪਰ ਇਹਨਾਂ ਨੇ ਮਿਤੀ 12-06-2024 ਸਮਾਂ 2.30 ਦੁਪਿਹਰ ਨੂੰ ਕੁਝ ਅਣਪਛਾਤੇ ਗੁੰਡੇ ਸੱਦ ਕੇ ਜਬਰਦਸਤੀ ਜਮੀਨ ਵਹਾਉਣ ਦੀ ਕੌਸ਼ਿਸ਼ ਕੀਤੀ। ਫਿਰ ਮੌਕੇ ਤੇ ਪੁਲਿਸ ਆਈ ਜਿਸ ਸਬੰਧੀ ਅਸੀਂ ਪਹਿਲਾਂ ਵੀ ਥਾਣਿਆ ਵਿਚ ਦਰਖਾਸਤਾ ਦਿਤੀਆ ਹਨ ਅਤੇ ਮਾਨਯੋਗ ਅਦਾਲਤ ਵਿਚ ਕੇਸ ਵੀ ਪਾ ਦਿਤਾ ਹੈ। ਇਸਨੇ ਮਾਲ ਮਹਿਕਮੇ ਨਾਲ ਹੇਰਾ ਫੇਰੀ ਕੀਤੀ ਹੈ ਅਤੇ ਆਪਣੇ ਚਾਚੇ ਤੇ ਤਾਏ ਨਾਲ ਵੀ ਹੇਰਾ ਫੇਰੀ ਕੀਤੀ ਹੈ ਸੋ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਐਨ.ਆਰ.ਆਈ. ਪਰਿਵਾਰਾਂ ਦੀ ਜਮੀਨ ਉਤੇ ਰਿਸ਼ਤੇਦਾਰ ਜੋ ਨਜਾਇਜ ਕਬਜਾ ਕਰਦੇ ਹਨ ਅਤੇ ਝੂਠਾ ਕੇਸ ਪਾਉਂਦੇ ਹਨ ਅਤੇ ਧਮਕੀਆਂ ਦੇ ਕੇ ਡਰਾਉਣ ਦੀ ਕੌਸ਼ਿਸ਼ ਕਰਦੇ ਹਨ। ਉਹਨਾਂ ਦੋਸ਼ੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਅਤੇ ਐਨ.ਆਰ.ਆਈ. ਪਰਿਵਾਰ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ। ਤਾਂ ਕਿ ਐਨ.ਆਰ.ਆਈ. ਪਰਿਵਾਰਾਂ ਦਾ ਪੰਜਾਬ ਸਰਕਾਰ ਅਤੇ ਪ੍ਰਸ਼ਾਸ਼ਨ ਤੇ ਭਰੋਸਾ ਬਣਿਆ ਰਹੇ। ਇਸ ਸਬੰਧੀ ਸਾਰੇ ਸਬੂਤ ਸਾਡੇ ਕੋਲ ਹਨ। ਇਸ ਸਬੰਧੀ ਅਸੀਂ ਵੱਖ-2 ਥਾਣਿਆਂ ਵਿਚ ਅਤੇ ਮਾਨਯੋਗ ਅਦਾਲਤ ਵਿਚ ਕੇਸ ਪਾਏ ਹਨ। ਕੱਲ ਅਸੀਂ ਮਾਨਯੋਗ ਡੀ.ਜੀ.ਪੀ. ਸਾਹਿਬ ਚੰਡੀਗੜ੍ਹ ਦੇ ਦਫਤਰ ਵਿਚ ਈ-ਮੇਲ ਅਤੇ ਰਜਿਸ਼ਟਰੀ ਅਤੇ 112 ਤੇ ਫੋਨ ਕਾਲ ਵੀ ਕੀਤੀ ਹੈ ਪਰ ਅਜੇ ਤੱਕ ਕੋਈ ਕਾਰਵਾਈ ਨਹੀ ਹੋਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ ਮੁਫਤ ਵਿੱਦਿਆ ਸਕੀਮ ਅਧੀਨ 2 ਰੋਜ਼ਾ ਕਾਊਂਸਲਿੰਗ ਹੋਈ ਸਮਾਪਤ





**ਤਲਵੰਡੀ ਸਾਬੋ, 13 ਜੂਨ (ਗੁਰਜੰਟ ਸਿੰਘ ਨਥੇਹਾ)**-ਇਲਾਕੇ ਦੀ ਨਾਮਵਰ ਸੰਸਥਾ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਅਦਾਰਾ ਮਾਤਾ ਸਾਹਿਬ ਕੌਰ ਗਰਲਜ ਕਾਲਜ ਤਲਵੰਡੀ ਸਾਬੋ ਵਿਖੇ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2021 ਤੋਂ ਚਲਾਈ ਜਾ ਰਹੀ ਮਾਤਾ ਨਾਨਕੀ ਜੀ ਅਕਾਦਮਿਕ ਅਤੇ ਧਾਰਮਿਕ ਮੁਫਤ ਵਿਦਿਆ ਯੋਜਨਾ ਤਹਿਤ ਦੋ ਰੋਜ਼ਾ ਕਾਊਂਸਲਿੰਗ ਸਫਲਤਾ ਪੂਰਵਕ ਸਮਾਪਤ ਹੋ ਗਈ। ਇਸ ਵਿੱਚ ਪੰਜਾਬ ਸਮੇਤ ਹਰਿਆਣਾ, ਰਾਜਸਥਾਨ, ਉਤਰਾਖੰਡ, ਜੰਮੂ ਕਸ਼ਮੀਰ, ਯੂ.ਪੀ ਆਦਿ ਸੂਬਿਆਂ ਤੋ 200 ਦੇ ਕਰੀਬ ਵਿਦਿਆਰਥਣਾਂ ਨੇ ਗਿਆਰਵੀਂ, ਬੀ.ਏ./ਬੀ.ਸੀ.ਏ/ਬੀ.ਕਾਮ ਅਤੇ ਬੀ.ਐਸ.ਸੀ ਕਲਾਸਾਂ ਲਈ ਇੰਟਰਵਿਊ ਦਿੱਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੋਣ ਕਮੇਟੀ ਦੇ ਅਹੁਦੇਦਾਰ ਗੁਰਮੀਤ ਸਿੰਘ ਬੂਹ ਮੈਂਬਰ ਸ਼੍ਰੋ.ਗੁ.ਪ੍ਰੰ. ਕਮੇਟੀ, ਤੇਜਿੰਦਰਪਾਲ ਸਿੰਘ ਲਾਡਵਾ, ਅਵਤਾਰ ਸਿੰਘ ਵਣਵਾਲਾ ਮੈਂਬਰ ਧਰਮ ਪ੍ਰਚਾਰ ਕਮੇਟੀ, ਮੋਹਨ ਸਿੰਘ ਬੰਗੀ ਮੈਂਬਰ ਅੰਤ੍ਰਿੰਗ ਕਮੇਟੀ ਅਤੇ ਸੁਖਦੇਵ ਸਿੰਘ ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੀਮ ਤਹਿਤ ਵਿਦਿਆਰਥਣਾਂ ਦਾ ਦਾਖਲਾ ਨਿਰੋਲ ਮੈਰਿਟ ਦੇ ਆਧਾਰ ’ਤੇ ਕੀਤਾ ਜਾਂਦਾ ਹੈ। ਉਹਨਾਂ ਆਖਿਆ ਕਿ ਇਸ ਯੋਜਨਾ ਤਹਿਤ ਵਿਦਿਆਰਥਣਾਂ ਨੂੰ ਮੁਫਤ ਵਿੱਦਿਆ, ਮੁਫਤ ਰਿਹਾਇਸ਼ ਅਤੇ ਮੁਫਤ ਖਾਣੇ ਦੀ ਸਹੂਲਤ ਮੁਹਈਆ ਕਰਵਾਈ ਜਾ ਰਹੀ ਹੈ। ਧਰਮ ਪ੍ਰਚਾਰ ਕਮੇਟੀ ਦੇ ਇਸ ਉਪਰਾਲੇ ਸਦਕਾ ਪਾਠੀ ਸਿੰਘ, ਰਾਗੀ ਸਿੰਘ, ਢਾਡੀ ਸਿੰਘ, ਪ੍ਰਚਾਰਕ ਅਤੇ ਆਰਥਿਕ ਤੌਰ ’ਤੇ ਲੋੜਵੰਦ ਤੇ ਹੋਣਹਾਰ ਵਿਦਿਆਰਥਣਾਂ ਨੂੰ ਬਹੁਤ ਲਾਭ ਮਿਲ ਰਿਹਾ ਹੈ। ਇਹ ਵਿਦਿਆਰਥਣਾਂ ਹੋਸਟਲ ਵਿੱਚ ਰਹਿ ਕੇ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਕੀਰਤਨ, ਗੱਤਕਾ, ਗੁਰਬਾਣੀ ਸੰਥਿਆ ਵੀ ਹਾਸਲ ਕਰ ਰਹੀਆਂ ਹਨ। ਡਾ. ਅਮਰਜੀਤ ਕੌਰ ਇੰਚਾਰਜ, ਧਾਰਮਿਕ ਵਿੱਦਿਆ ਵਿਭਾਗ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਯੋਜਨਾ ਦਾ ਮਕਸਦ ਸਿੱਖ ਬੱਚੀਆਂ ਨੂੰ ਸਮੇਂ ਦਾ ਹਾਣੀ ਬਣਾ ਕੇ ਆਪਣੇ ਅਮੀਰ ਵਿਰਸੇ ਅਤੇ ਸਭਿਅਚਾਰ ਨਾਲ ਜੋੜ ਕੇ ਤੰਦਰੁਸਤ ਸਮਾਜ ਦੀ ਸਿਰਜਣਾ ਵਿਚ ਯੋਗਦਾਨ ਪਾਉਣਾ ਹੈ ਤਾਂ ਜੋ ਸਿੱਖ ਬੱਚੀਆਂ ਦੀ ਵਿਸ਼ਵ ਪੱਧਰੀ ਪਛਾਣ ਬਣਾਈ ਜਾ ਸਕੇ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਲੰਗਰ ਦਾ ਬੇਹਤਰੀਨ ਪ੍ਰਬੰਧ ਕੀਤਾ ਗਿਆ। ਕਾਲਜ ਸਟਾਫ ਵੱਲੋਂ ਦੋਵੇਂ ਦਿਨ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਅੰਤ ਵਿਚ ਕਾਲਜ ਪ੍ਰਿੰਸੀਪਲ ਡਾ. ਕਮਲਪ੍ਰੀਤ ਕੌਰ ਨੇ ਆਏ ਹੋਏ ਸਬ-ਕਮੇਟੀ ਮੈਂਬਰਾਂ ਅਤੇ ਸਮੂਹ ਸਟਾਫ ਦਾ ਇਸ ਉਪਰਾਲੇ ਵਿਚ ਸਹਿਯੋਗ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਤੋਂ ਭੁਪਿੰਦਰ ਸਿੰਘ ਬੁੱਟਰ ਸੁਪਰਵਾਈਜਰ, ਮੋਹਨਦੀਪ ਸਿੰਘ ਗੁਰੁਦਆਰਾ ਇੰਸਪੈਕਟਰ, ਪ੍ਰਭਜੋਤ ਕੌਰ ਤੋਂ ਇਲਾਵਾ ਪ੍ਰੋ. ਸ਼ਾਲਿਨੀ ਸਹਿਗਲ, ਡਾ. ਇੰਦਰਪ੍ਰੀਤ ਕੌਰ, ਰਜਿੰਦਰ ਸਿੰਘ ਸੁਪਰਡੈਂਟ ਅਤੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੇਂਟ ਜੋਸਫ਼ ਕਾਲਜ ਨੈਨੀਤਾਲ ਵਿਖੇ

# ਆਰਵ ਸਿੰਘ ਸੰਧੂ ਨੇ ਰਚਿਆ ਇਤਿਹਾਸ





**ਲੰਡਨ, 13 ਜੂਨ (ਸਰਬਜੀਤ ਸਿੰਘ ਬਨੂੜ)**-ਸੇਂਟ ਜੋਸਫ਼ ਕਾਲਜ ਨੈਨੀਤਾਲ ਦੇ 135 ਸਾਲਾਂ ਦੇ ਇਤਿਹਾਸ ਵਿੱਚ ਆਰਵ ਸਿੰਘ ਸੰਧੂ ਨੇ ਗੋਲਫ਼ ਪ੍ਰਤਿਯੋਗਤਾ ਦੇ 15-17 ਵਰਗ ਵਿੱਚ ਇਤਿਹਾਸ ਰਚ ਬਨੂੜ ਸ਼ਹਿਰ ਦਾ ਨਾਮ ਰੋਸ਼ਨ ਕੀਤਾ ਹੈ। ਨੈਨੀਤਾਲ ਵਿੱਚ ਹੋਏ ਗੋਲਫ਼ ਪ੍ਰਤਿਯੋਗਤਾ ਵਿੱਚ ਦੇਸ਼ ਦੇ 123 ਖਿਡਾਰੀਆਂ ਨੇ ਹਿੱਸਾ ਲਿਆ। ਸੇਂਟ ਜੋਸਫ਼ ਕਾਲਜ ਨੈਨੀਤਾਲ ਦੇ 11ਵੀਂ ਜਮਾਤ ਦੇ ਵਿਦਿਆਰਥੀ ਆਰਵ ਸਿੰਘ ਸੰਧੂ ਪਹਿਲੇ ਸਥਾਨ ਤੇ ਆਇਆ। ਨਾਨਕਮਤਾ ਦੇ ਬਿਜਟੀ ਦੇ ਨਿਵਾਸੀ ਗੁਰਪ੍ਰੀਤ ਸਿੰਘ ਦੇ ਪੁੱਤਰ ਆਰਵ ਸੰਧੂ ਦੇ ਦਾਦਾ ਜੀ ਸ ਸਰਬਜੀਤ ਸਿੰਘ ਸੰਧੂ ਬਨੂੜ ਦੇ ਜੰਮ ਪਲ ਹਨ ਤੇ ਉਹ ਨੈਨੀਤਾਲ ਨਾਨਕਮਤਾ ਵਿੱਚ ਸਮਾਜ ਸੇਵੀ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ ਤੇ ਉਨ੍ਹਾਂ ਦਾ ਭਰਾ ਪਰਮਜੀਤ ਸਿੰਘ ਸੰਧੂ ਬਨੂੜ ਤੇ ਨੇੜਲੇ ਸਕੂਲਾਂ ਵਿੱਚ ਬਤੌਰ ਡੀ ਪੀ ਡੀ ਕੰਮ ਕਰਦੇ ਰਹੇ ਹਨ। ਬਨੂੜ ਨਿਵਾਸੀਆਂ ਨੇ ਸ ਸਰਬਜੀਤ ਸਿੰਘ ਸੰਧੂ ਤੇ ਪਰਮਜੀਤ ਸਿੰਘ ਸੰਧੂ ਨੂੰ ਬਨੂੜ ਸ਼ਹਿਰ ਦਾ ਨਾਮ ਰੌਸ਼ਨ ਕਰਨ ਵਾਲੇ ਆਰਵ ਸੰਧੂ ਨੂੰ ਵਧਾਈ ਦਿੱਤੀ। ਸੇਂਟ ਜੋਸਫ਼ ਕਾਲਜ ਨੈਨੀਤਾਲ ਜੋ ਸਾਲ 1888 ਵਿੱਚ ਸ਼ੁਰੂ ਹੋਇਆ ਸੀ ਅਤੇ ਕਾਲਜ ਦੁਆਰਾ ਪ੍ਰਦਾਨ ਕੀਤੇ ਗਏ ਰਿਕਾਰਡਾਂ ਵਿੱਚ, ਆਰਵ ਸਿੰਘ ਸੰਧੂ ਤੀਜਾ ਵਿਦਿਆਰਥੀ ਰਿਹਾ ਹੈ ਜਿਸਨੇ ਸਾਲ ਦੇ ਦੋਨੋ ਅਥਲੀਟ ਅਤੇ ਸਾਲ ਦੇ ਸਪੋਰਟਸਮੈਨ ਆਫ ਦਿ ਈਅਰ ਟਰਾਫੀਆਂ ਜਿੱਤ ਕੇ ਇਤਿਹਾਸ ਰਚਿਆ ਹੈ।

### ਅੱਤ ਦੀ ਗਰਮੀ ਤੋਂ ਰਾਹਤ ਦੇਣ ਲਈ

# ਪਿੰਡ ਮਲਕਾਣਾ ਵਿਖੇ ਲਾਈ ਠੰਡੇ ਮਿੱਠੇ ਜਲ ਦੀ ਛਬੀਲ



**ਤਲਵੰਡੀ ਸਾਬੋ, 13 ਜੂਨ (ਗੁਰਜੰਟ ਸਿੰਘ ਨਥੇਹਾ)**-ਪੈ ਰਹੀ ਅੱਤ ਦੀ ਗਰਮੀ ਤੇ ਵੱਧਦੇ ਤਾਪਮਾਨ ਨੂੰ ਵੇਖਦੇ ਹੋਏ ਰਾਹਗੀਰਾਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਪਿੰਡ ਮਲਕਾਣਾ ਦੇ ਪਿੰਡ ਵਾਸੀਆਂ, ਨੌਜਵਾਨਾਂ ਵੱਲੋਂ ਅੱਜ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਜਿਸ ਮੌਕੇ ਰਾਹਗੀਰਾਂ ਵੱਲੋਂ ਠੰਡੇ ਮਿੱਠੇ ਜਲ ਦਾ ਲੁਤਫ ਉਠਾਇਆ ਉੱਥੇ ਦੂਰੋਂ ਨੇੜਿਓਂ ਪਿੰਡਾਂ ਦੇ ਵਸਨੀਕਾਂ ਨੇ ਕੈਂਪਰਾਂ ਰਾਹੀਂ ਪਾਣੀ ਲਿਜਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪਿੰਡ ਸਮਾਜ ਸੇਵੀ ਅੰਮ੍ਰਿਤਪਾਲ ਸਿੰਘ ਮਲਕਾਣਾ ਨੇ ਜਿੱਥੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ ਉਥੇ ਅਪੀਲ ਕੀਤੀ ਕਿ ਘੱਟ ਰਹੀ ਦਰਖਤਾਂ ਦੀ ਦਰ ਨੂੰ ਵਧਾਉਣ ਲਈ ਘਰਾਂ ਚ, ਖੇਤਾਂ 'ਚ ਆਲ਼ੇ ਦੁਆਲ਼ੇ ਵੱਧ ਤੋਂ ਵੱਧ ਪੌਦੇ ਲਗਾਏ ਜਾਣ ਤਾਂ ਕਿ ਜਿੱਥੇ ਵਾਤਾਵਰਨ ਸ਼ੁੱਧ ਹੋ ਸਕੇ ਉੱਥੇ ਵੱਧ ਰਹੇ ਗਰਮੀ ਦੇ ਪ੍ਰਕੋਪ ਤੋਂ ਬਚਾਅ ਹੋ ਸਕੇ। ਕਿਸਾਨ ਵੀਰਾਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਹਰ ਇੱਕ ਵਿਅਕਤੀ ਵੱਲੋਂ ਇੱਕ ਇੱਕ ਪੌਦਾ ਜਰੂਰ ਲਗਾਉਣਾ ਚਾਹੀਦਾ ਹੈ ਕਿਉਂਕਿ ਜਦੋਂ ਕਿਸਾਨ ਵੀਰਾਂ ਵੱਲੋਂ ਖੇਤਾਂ ਵਿੱਚ ਨਾੜ ਨੂੰ ਅੱਗ ਲਗਾਈ ਜਾਂਦੀ ਹੈ ਤਾਂ ਹਜ਼ਾਰਾਂ ਦਰਖਤ ਸੜ-ਸੁੱਕ ਜਾਂਦੇ ਹਨ। ਇਹ ਦਰਖਤ ਸਾਨੂੰ ਆਕਸੀਜਨ ਦਿੰਦੇ ਹਨ ਪਰੰਤੂ ਅਸੀਂ ਉਹਨਾਂ ਨੂੰ ਬਦਲੇ ਵਿੱਚ ਸਾੜ ਦਿੰਦੇ ਹਾਂ। ਦਰਖਤਾਂ ਦੀ ਕਮੀ ਨਾਲ ਹਰ ਸਾਲ ਤਿੰਨ ਤੋਂ ਚਾਰ ਡਿਗਰੀ ਤਾਪਮਾਨ ਵਿੱਚ ਵਾਧਾ ਹੁੰਦਾ ਹੈ। ਇਸ ਲਈ ਗਰਮੀ ਮੌਕੇ ਜਿਥੇ ਛਬੀਲਾਂ ਜਰੂਰੀ ਹਨ ਉਥੇ ਪੌਦੇ ਲਾਉਣੇ ਵੀ ਜਰੂਰੀ ਹਨ। ਇਸ ਮੌਕੇ ਵੱਡੀ ਗਿਣਤੀ 'ਚ ਨੌਜਵਾਨ ਤੇ ਸੇਵਾਦਾਰ ਹਾਜ਼ਰ ਸਨ।

### ਹਰਿਆਣਾ ਕੇ ਕੈਥਲ 'ਚ ਸਿੱਖ ਨੌਜਵਾਨ ਨਾਲ ਕੁੱਟਮਾਰ ਦੇ ਮਾਮਲੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਤੇ

# ਡੀ ਜੀ ਪੀ ਨੂੰ ਦਿੱਲੀ ਗੁਰਦਆਰਾ ਕਮੇਟੀ ਨੇ ਲਿਖਿਆ ਪੱਤਰ

ਨਵੀਂ ਦਿੱਲੀ, 13 ਜੂਨ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਡੀ ਜੀ ਪੀ ਨੂੰ ਕਿਹਾ ਹੈ ਕਿ ਕੈਥਲ ਵਿਚ ਸਿੱਖ ਨੌਜਵਾਨ ਨਾਲ ਕੁੱਟਮਾਰ ਦੇ ਮਾਮਲੇ ਵਿਚ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸੂਬੇ ਵਿਚ ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਖਰਾਬ ਨਾ ਹੋਣ ਦਿੱਤਾ ਜਾਵੇ। ਹਰਿਆਣਾ ਦੇ ਮੁੱਖ ਮੰਤਰੀ ਤੇ ਡੀ ਜੀ ਪੀ ਨੂੰ ਲਿਖੇ ਪੱਤਰ ਵਿਚ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਕੈਥਲ ਵਿਚ ਸਿੱਖ ਨੌਜਵਾਨ ਸੁਖਵਿੰਦਰ ਸਿੰਘ ਨੂੰ ਪਹਿਲਾਂ ਸ਼ਰਾਰਤੀ ਅਨਸਰਾਂ ਨੇ ਖਾਲਿਸਤਾਨੀ ਕਹਿ ਕੇ ਉਕਸਾਇਆ ਤੇ ਫਿਰ ਉਸ 'ਤੇ ਇੱਟਾਂ ਨਾਲ ਹਮਲਾ ਕਰ ਦਿੱਤਾ ਜਿਸ ਵਿਚ ਉਹ ਗੰਭੀਰ ਜ਼ਖ਼ਮੀ ਹੋ ਗਿਆ।

ਉਹਨਾਂ ਕਿਹਾ ਕਿ ਕੁਝ ਅਨਸਰ ਹਰਿਆਣਾ ਦਾ ਮਾਹੌਲ ਖਰਾਬ ਕਰਨਾ ਚਹੁੰਦੇ ਹਨ ਅਤੇ ਸੂਬੇ ਵਿਚ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਖਤਮ ਕਰਨਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਅਸੀਂ ਮੁੱਖ ਮੰਤਰੀ ਤੇ ਡੀ ਜੀ ਪੀ ਨੂੰ ਵੀ ਲਿਖਤੀ ਬੇਨਤੀ ਕੀਤੀ ਹੈ ਕਿ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਸੂਬੇ ਵਿਚ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਕਿਤੇ ਹਿੰਦੂ-ਸਿੱਖ ਟਕਰਾਅ ਸ਼ੁਰੂ ਨਾ ਹੋ ਜਾਵੇ। ਉਹਨਾਂ ਨੇ ਸਿੱਖ ਨੌਜਵਾਨ ਸੁਖਵਿੰਦਰ ਸਿੰਘ ਨੂੰ ਵੀ ਅਪੀਲ ਕੀਤੀ ਕਿ ਜੇਕਰ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਨਹੀਂ ਹੁੰਦੀ ਤਾਂ ਤੁਸੀਂ ਦਿੱਲੀ ਗੁਰਦੁਆਰਾ ਕਮੇਟੀ ਨਾਲ ਸੰਪਰਕ ਕਰੋ, ਕਮੇਟੀ ਤੁਹਾਡੇ ਨਾਲ ਡੱਟ ਕੇ ਖੜ੍ਹੀ ਹੋਵੇਗੀ ਅਤੇ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਯਕੀਨੀ ਬਣਾਵੇਗੀ।

# ਕੈਂਥਲ ਵਿੱਚ ਸਿੱਖ ਨੌਜਵਾਨ ਨਾਲ ਕੀਤੀ ਗਈ ਕੁੱਟਮਾਰ ਦੀ ਘਟਨਾ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਾਉਣਾ: ਸਰਨਾ



ਨਵੀਂ ਦਿੱਲੀ 13 ਜੂਨ (ਮਨਪ੍ਰੀਤ ਸਿੰਘ ਖਾਲਸਾ):-ਬੀਤੇ ਦਿਨੀਂ ਜੋ ਹਰਿਆਣਾ ਦੇ ਕੈਂਥਲ ਵਿੱਚ ਸਿੱਖ ਨੌਜਵਾਨ ਨੂੰ ਖਾਲਿਸਤਾਨੀ ਤੇ ਵੱਖਵਾਦੀ ਕਹਿ ਕੇ ਕੁੱਟਮਾਰ ਕਰਨ ਦੀ ਘਟਨਾ ਵਾਪਰੀ ਹੈ । ਇਹ ਬੇਹੱਦ ਨਿੰਦਣਯੋਗ ਹੈ । ਇਸਨੇ ਇਕ ਵਾਰ ਫੇਰ ਤੋਂ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਹੈ । ਇਹ ਘਟਨਾ ਦੱਸਦੀ ਹੈ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਨੂੰ ਅੱਜ ਵੀ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ ਕਿਹਾ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਇਸ ਤਰ੍ਹਾਂ ਸ਼ਰੇਆਮ ਕੁਟਮਾਰ ਕਰਨਾ ਤੇ ਵੱਖਵਾਦੀ ਕਹਿਣਾ ਇੱਕ ਨਸਲੀ ਹਿੰਸਾ ਹੈ ਤੇ ਇਸਨੂੰ ਨਸਲੀ ਅਪਰਾਧ ਦੇ ਦਾਇਰੇ ਅੰਦਰ ਲਿਆਉਂਦੇ ਹੋਏ ਹਰਿਆਣਾ ਸਰਕਾਰ ਨੂੰ ਦੋਸ਼ੀਆਂ ਤੇ ਸਖ਼ਤ ਕਾਰਵਾਈ ਕਰਨੀ ਚਾਹੀਦਾ ਹੈ । ਤੇ ਇਹ ਭਾਜਪਾ ਲਈ ਵੀ ਸੋਚਣ ਦਾ ਵੇਲਾ ਹੈ ਕਿ ਉਹ ਇੱਕ ਪਾਸੇ ਤਾਂ ਸਿੱਖਾਂ ਨੂੰ ਆਪਣੇ ਨੇੜੇ ਲਿਆਉਣ ਦਾ ਯਤਨ ਕਰ ਰਹੀ ਹੈ ਪਰ ਦੂਜੇ ਪਾਸੇ ਉਸਦੇ ਆਗੂ ਹਮੇਸ਼ਾ ਸਿੱਖਾਂ ਖ਼ਿਲਾਫ਼ ਨਫ਼ਰਤ ਦਾ ਬਿਰਤਾਂਤ ਸਿਰਜਣ ਵਿੱਚ ਲੱਗੇ ਰਹਿੰਦੇ ਹਨ।

# ਸਿੱਖਾਂ ਤੇ ਬਾਰ ਬਾਰ ਹੋ ਰਹੇ ਹਮਲੇ ਦੇਸ਼ ਦੇ ਭਵਿੱਖ ਲਈ ਚੰਗਾ ਸੁਨੇਹਾ ਨਹੀਂ: ਬੀਬੀ ਰਣਜੀਤ ਕੌਰ



ਨਵੀਂ ਦਿੱਲੀ 13 ਜੂਨ (ਮਨਪ੍ਰੀਤ ਸਿੰਘ ਖਾਲਸਾ): ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮਹਿਲਾ ਵਿੰਗ ਦੇ ਮੁੱਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਕੀਤੇ ਆਪਣੇ ਬਿਆਨ ਰਾਹੀਂ ਕਿਹਾ ਕਿ ਕੈਥਲ ਦੇ ਇਕ ਹਸਪਤਾਲ ਵਿਚ ਜ਼ੇਰੇ ਇਲਾਜ ਸਿੱਖ ਨੌਜੁਆਨ ਨੂੰ ਬਿਨਾਂ ਕਿਸੇ ਕਾਰਨ ਸ਼ਰਾਰਤੀ ਅਨਸਰਾਂ ਵਲੋ ਬੇਖੌਫ ਹੋਕੇ ਖੁੱਲੇ ਬਜਾਰ ਵਿਚ ਨਫਰਤੀ ਸ਼ਬਦ ਬੋਲਦਿਆਂ ਸਿਰ ਵਿਚ ਇੱਟਾਂ ਮਾਰ ਕੇ ਗੰਭੀਰ ਰੂਪ ਵਿਚ ਜਖਮੀ ਕਰਨਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣਾ ਬਹੁਤ ਹੀ ਨਿੰਦਣਯੋਗ ਅਤੇ ਦੁਖਦਾਈ ਹੈ ਜਿਸ ਨਾਲ ਸਿੱਖਾਂ ਦੇ ਮਨਾਂ ਨੂੰ ਬਹਤ ਠੇਸ ਪੁੱਜੀ ਹੈ।

ਦੇਸ਼ ਵਿਚ ਘੱਟਗਿਣਤੀ ਸਿੱਖਾਂ ਤੇ ਆਏ ਦਿਨ ਹੋ ਰਹੇ ਅਜਿਹੇ ਜਾਨ ਲੇਵਾ ਹਮਲੇ ਚਿੰਤਾ ਦਾ ਵਿਸ਼ਾ ਹਨ ਜੋ ਕਿ ਸਿੱਖਾਂ ਦੀ ਜਾਨ-ਮਾਲ ਦੀ ਸੁਰਖਿਆ ਤੇ ਸੁਆਲੀਆਂ ਚਿੰਨ ਲਗਾ ਰਹੇ ਹਨ। ਸਿੱਖਾਂ ਤੇ ਬਾਰ ਬਾਰ ਹੋ ਹਮਲੇ ਕੌਮ ਨੂੰ ਦੇਸ਼ ਅੰਦਰ ਦੂਜੇ ਦਰਜ਼ੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾ ਰਹੇ ਹਨ ਜਿਸ ਨਾਲ ਸਿੱਖਾਂ ਅੰਦਰ ਬੇਗਾਨਿਗੀ ਭਰਦੀ ਜਾ ਰਹੀ ਹੈ ਜੋ ਕਿ ਇਸ ਦੇਸ਼ ਦੇ ਭਵਿੱਖ ਲਈ ਚੰਗਾ ਸੁਨੇਹਾ ਨਹੀਂ ਹੈ । ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਤੁਰੰਤ ਦੋਸ਼ੀਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ ।

# ਦੇਸ਼ ਦੁਨੀਆਂ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਰਿਹਾਈ ਦਾ ਬੇਸਬਰੀ ਨਾਲ ਇੰਤਜ਼ਾਰ : ਸ਼ਮਸ਼ੇਰ ਸਿੰਘ ਪੱਧਰੀ

### ਸਿੱਖ ਆਗੂ ਹੀਣਤਾ ਦਾ ਸ਼ਿਕਾਰ ਹੋਣ ਦੀ ਬਜਾਏ 1984 ਦੇ ਸੰਘਰਸ਼ ਦੌਰਾਨ ਕਮਾਏ ਮਿੱਠੇ ਕੌੜੇ ਤਜ਼ਰਬਿਆਂ ਨਾਲ ਭਾਈ ਅੰਮ੍ਰਿਤਪਾਲ ਸਿੰਘ ਦਾ ਸਾਥ ਦੇਣ ਦੀ ਕੋਸ਼ਿਸ਼ ਕਰਨ



**ਅੰਮ੍ਰਿਤਸਰ, 13 ਜੂਨ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਦੌਰਾਨ ਜਿਸ ਪ੍ਰਕਾਰ ਹਲਕਾ ਖਡੂਰ ਸਾਹਿਬ ਦੇ ਲੋਕਾਂ ਨੇ ਇਕ ਵੱਡਾ ਫ਼ਤਵਾ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਦਿੱਤਾ ਹੈ ਉਹ ਇਕ ਮਿਸਾਲ ਬਣ ਗਿਆ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਆਗੂ ਸ਼ਮਸ਼ੇਰ ਸਿੰਘ ਪੱਧਰੀ ਨੇ ਇਕ ਪ੍ਰੈਸ ਨੋਟ ਰਾਹੀਂ ਕੀਤਾ। ਸ੍ਰ ਪੱਧਰੀ ਨੇ ਮੌਜੂਦਾ ਹਲਾਤਾਂ ਤੇ ਚਾਨਣਾਂ ਪਾਉਂਦਿਆਂ ਹੋਇਆਂ ਕਿਹਾ ਕਿ ਇਕ ਪਾਸੇ ਤਾਂ ਸਰਕਾਰਾਂ ਤੇ ਵਿਰੋਧੀ ਧਿਰਾਂ ਦਾ ਸਾਰਾ ਜ਼ੋਰ ਲੱਗਿਆ ਹੋਇਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਹੀਂ ਹੋਣੀ ਚਾਹੀਦੀ ਦੂਜੇ ਪਾਸੇ ਗੁਰੂ ਦੀ ਕ੍ਰਿਪਾ ਨਾਲ ਸਾਰੇ ਵਿਰੋਧੀਆਂ ਵੱਲੋਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਖਡੂਰ ਸਾਹਿਬ ਦੇ ਲੋਕਾਂ ਨੇ ਭਾਰੀ ਗਿਣਤੀ ਨਾਲ ਜਿਤਾਇਆ ਹੈ ਵੀ ਹੈ ਉਹ ਬਾਹਰ ਵੀ ਅਵੱਸ਼ ਆਉਣਗੇ। ਉਹਨਾਂ ਕਿਹਾ ਕਿ ਜਿਸ ਦੇਸ਼ ਦੇ ਕਨੂੰਨ ਦੀ ਗਲਤ ਵਰਤੋਂ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਨਾਜਾਇਜ਼ ਐਨ ਐਸ ਏ ਲਗਾਕੇ ਜੇਲ ਭੇਜਿਆ ਗਿਆ ਉਸੇ ਦੇਸ਼ ਸੰਵਿਧਾਨ ਲੋਕਤੰਤਰ ਦੁਆਰਾ ਚੁਣੇ ਗਏ ਨੁਮਾਇੰਦੇ ਨੂੰ ਦੇਸ਼ ਦੀ ਲੋਕ ਸਭਾ ਵਿੱਚ ਜਾਕੇ ਆਜ਼ਾਦਾਨਾਂ ਤਰੀਕੇ ਨਾਲ ਆਪਣੀ ਕੌਮ ਆਪਣੇਂ ਖਿੱਤੇ ਦੀ ਗੱਲ ਰੱਖਣ ਦੇ ਅਧਿਕਾਰ ਵੀ ਦਿੰਦਾ ਹੈ। ਬੇਸ਼ੱਕ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਦੇਸ਼ ਦੀ ਇੱਜ਼ਤ ਆਬਰੂ ਮਹਿਫੂਜ਼ ਰੱਖਣ ਵਾਲੀ ਕੌਮ ਨੂੰ ਸੱਤਾ ਦਾ ਕਰਕੇ ਦਬਾਅ ਕੇ ਰੱਖਿਆ, ਨਸਲੀ ਘਾਣ ਕੀਤਾ ਪਰ ਇਸ ਵਕਤ ਮਹੱਤਵਪੂਰਨ ਗੱਲ ਇਹ ਹੈ ਕਿ ਸਾਰੀ ਦੁਨੀਆਂ ਦੀਆਂ ਨਜ਼ਰਾਂ ਸਰਬੱਤ ਦਾ ਭਲਾ ਮੰਗਣ ਵਾਲੀ ਇਸ ਸਿੱਖ ਕੌਮ ਦੇ ਉੱਜਲੇ ਭਵਿੱਖ ਤੇ ਟਿਕੀਆਂ ਹੋਈਆਂ ਹਨ। ਸ੍ਰ ਪੱਧਰੀ ਨੇ ਕਿਹਾ ਅਸੀਂ ਖੁਸ਼ਨਸੀਬ ਹਾਂ ਕਿ ਆਪਣੀ ਜੀਂਦੀ ਜਾਨੇ ਪਹਿਲਾਂ ਤਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਦਰਸ਼ਨ ਦੀਦਾਰੇ ਕਰਨ ਦਾ ਅਤੇ ਉਹਨਾਂ ਦੇ ਬਚਨ ਸੁਣਨ ਦਾ ਮੌਕਾ ਮਿਲਿਆ ਤੇ ਜਿਸ ਪ੍ਰਕਾਰ 1984 ਦੇ ਦੁਖਾਂਤ ਤੋਂ ਬਾਅਦ ਕੋਈ ਆਸ ਦੀ ਕਿਰਨ ਨਹੀਂ ਬਚੀ ਸੀ ਤੇ ਪੰਜਾਬ ਚ' ਪਤਿਤਪੁਣੇ ਦਾ ਵਹਿਣ ਵਹਿ ਤੁਰਿਆ ਸੀ ਉਸ ਦੇ ਹਿਸਾਬ ਨਾਲ ਆਉਣ ਵਾਲੇ ਸਮੇਂ ਵਿੱਚ ਸਿੱਖੀ ਦੀ ਦਿੱਖ ਜਿੰਦਾਂ ਰੱਖਣੀ ਵੀ ਮੁਸ਼ਿਕਲ ਹੋ ਜਾਣੀ ਸੀ, ਪ੍ਰੰਤੂ ਅਜਿਹੀ ਮੁਸ਼ਿਕਲ ਘੜੀ ਤੇ ਸਤਿਗੁਰ ਸੱਚੇ ਪਾਤਸ਼ਾਹ ਦੀ ਮਿਹਰ ਸਦਕਾ ਸਿੱਖ ਹਿੱਤਾਂ ਦੀ ਗੱਲ ਕਰਨ ਵਾਲਾ ਨੌਜਵਾਨ ਆਗੂ ਕੌਮ ਨੂੰ ਮਿਲ ਗਿਆ ਹੈ। ਸ੍ਰ ਪੱਧਰੀ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਜਿੱਤ ਨੇ ਸਿੱਖ ਕੌਮ ਨੂੰ ਇਕ ਨਵੀਂ ਆਸ ਦੀ ਕਿਰਨ ਵਿਖਾਈ ਹੈ ਜਿਸਦਾ ਹਰ ਸਿੱਖ ਜਥੇਬੰਦੀ ਦੇ ਨੁਮਾਇੰਦਿਆਂ ਨੂੰ ਡੱਟ ਕੇ ਸਾਥ ਦੇਣ ਦੀ ਲੋੜ ਹੈ। ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਰਿਹਾਈ ਨਾਲ ਪੰਜਾਬ ਵਿੱਚ ਸਿੱਖੀ ਪ੍ਰਫੁੱਲਤ ਹੋਵੇਗੀ ਤੇ ਸਿੱਖ ਨੌਜਵਾਨਾਂ ਦਾ ਰੁਝਾਨ ਨਸ਼ੇ ਤਿਆਗ ਕੇ ਗੁਰੂ ਵੱਲ ਹੋਵੇਗਾ। ਸ੍ਰ ਪੱਧਰੀ ਨੇ ਮੌਜੂਦਾ ਸਿੱਖ ਸਿਆਸੀ ਪਾਰਟੀਆਂ ਆਗੂਆਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਜਿੱਤ ਅਤੇ ਚੜ੍ਹਤ ਨੂੰ ਲੈਕੇ ਪੈਦਾ ਹੀ ਹੀਣਤਾ ਤੇ ਗਹਿਰਾ ਅਫਸੋਸ ਜਤਾਇਆ ਅਤੇ ਕਿਹਾ ਕਿ ਸਿੱਖ ਆਗੂਆਂ ਨੂੰ ਆਪਣੇਂ ਹੀ ਸਿੱਖ ਨੌਜਵਾਨਾਂ ਦੇ ਚੰਗੀ ਤੇ ਸਾਰਥੱਕ ਪੰਥਕ ਸੋਚ ਨਾਲ ਅੱਗੇ ਆਉਣ ਤੇ ਲੱਤਾਂ ਖਿੱਚਣ ਦੀ ਬਜਾਏ ਆਪਣੇਂ ਸਿੱਖ ਸੰਘਰਸ਼ ਦੌਰਾਨ ਕਮਾਏ ਮਿੱਠੇ ਕੌੜੇ ਤਜ਼ਰਬਿਆਂ ਨਾਲ ਸਾਥ ਦੇਣ ਦੀ ਕੋਸ਼ਿਸ਼ ਕਰਨੀਂ ਚਾਹੀਦੀ ਹੈ ਇਸੇ ਵਿੱਚ ਹੀ ਸਮੁੱਚੀ ਸਿੱਖ ਕੌਮ ਤੇ ਸਮੁੱਚੇ ਪੰਜਾਬੀਆਂ ਦੀ ਭਲਾਈ ਹੈ। ਸ੍ਰ ਪੱਧਰੀ ਨੇ ਅਖੀਰ ਵਿੱਚ ਕਿਹਾ ਕਿ ਪੰਜਾਬ ਦਾ ਸਿੱਖ ਯੂਥ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਅਗਵਾਈ ਕਬੂਲ ਚੁੱਕਿਆ ਹੈ ਤੇ ਸਭ ਨੂੰ ਉਹਨਾਂ ਦੀ ਰਿਹਾਈ ਦਾ ਬੇਸਬਰੀ ਨਾਲ ਇੰਤਜ਼ਾਰ ਹੈ।



ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥



ਆਪ ਸਮੂੰਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਬਹੁਤ **ਪਿਆਰੀ ਸਖਸ਼ੀਅਤ ਜੱਥੇਦਾਰ ਜਸਬੀਰ ਸਿੰਘ ਜੀ ਮੱਤੇਵਾਲ ਤੇ ਉਹਨਾਂ ਦੇ ਦਾਮਾਦ ਭਾਈ ਹਰਚਰਨਪ੍ਰੀਤ ਸਿੰਘ ਜੀ** (ਸਪੁੱਤਰ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਵਰਪਾਲ) ਜੋ ਕਿ **ਮਿਤੀ 7-6-2024** ਵਾਲੇ ਦਿਨ ਇਲਾਕਾ ਕਾਨਪੁਰ, ਇਟਾਵਾ ਦੇ ਵਿਚਕਾਰ ਫਤੇਪੁਰ ਖਾਗਾ ਯੂਪੀ ਵਿਖੇ ਇੱਕ ਸੜਕ ਦੁਰਘਟਨਾ ਵਿਚ ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ **ਆਤਮਿਕ ਸ਼ਾਂਤੀ ਅਤੇ ਪਰਿਵਾਰ ਸੰਗਤ ਨੂੰ ਭਾਣਾਂ ਮੰਨਣ ਹਿੱਤ ਸ੍ਰੀ ਸਹਿਜਪਾਠਾਂ** ਦੇ ਭੋਗ ਦਰਸ਼ਨ ਐਵੀਨਿਊ, ਭਾਈ ਜਸਬੀਰ ਸਿੰਘ ਜੀ ਮੱਤੇਵਾਲ ਦੇ ਗ੍ਰਹਿ ਵਿਖੇ ਪਾਏ ਜਾਣਗੇ।

# ਦੁਸਹਿਰਾ ਸਮਾਗਮ ਅੰਤਿਮ ਅਰਦਾਸ

ਮਿਤੀ 16 ਜੂਨ 2024 ਦਿਨ ਐਤਵਾਰ ਨੂੰ ਸਵੇਰੇ 11 ਤੋਂ 2 ਵਜੇ ਤੱਕ ਕੀਰਤਨ ਸਮਾਗਮ, ਗੁ: ਸ੍ਰੀ ਸੰਗਰਾਣਾ ਸਾਹਿਬ, ਤਰਨ ਤਾਰਨ ਰੋਡ, ਅੰਮ੍ਰਿਤਸਰ।(ਅੰਮ੍ਰਿਤਸਰ ਵੱਲੋਂ ਜਾਣ ਤੇ ਗੁ: ਟਾਹਲਾ ਸਾਹਿਬ ਤੋਂ ਪਹਿਲਾ ਖੱਬੇ ਹੱਥ)

ਪਹੁੰਚ ਰਹੀਆਂ ਸਖਸ਼ੀਅਤਾ : ਜਿਸ ਵਿਚ ਸਿੰਘ ਸਾਹਿਬਾਨ ਤਖਤ ਸਹਿਬਾਨਾਂ ਦੇ ਜੱਥੇਦਾਰ ਸਹਿਬਾਨ, ਪੰਜ ਪਿਆਰੇ ਸਹਿਬਾਨ, ਨਿਹੰਗ ਸਿੰਘ ਜਥੇਬੰਦੀਆਂ ਟਕਸਾਲਾਂ, ਕਾਰ ਸੇਵਾ, ਸਮੂੰਹ ਜਥੇਬੰਦੀਆਂ ਦੇ ਮੁੱਖੀ ਤੇ ਧਾਰਮਿਕ ਰਾਜਨੀਤਕ ਸਮਾਜ ਸੇਵੀ ਸਿਰਕਤ ਕਰਨਗੇ ਜੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਕੀਰਤਨੀਏ ਕੀਰਤਨ ਦੁਆਰਾ ਸਾਂਝ ਪਾਉਣਗੇ ਆਪਜੀ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਹਰਿਜਸ ਸਰਵਨ ਕਰੋ ਜੀ।

ਗੁਰੂ ਪੰਥ ਦੇ ਦਾਸ:- ਮਲਕੀਤ ਸਿੰਘ ਵਧੀਕ ਹੈੱਡ ਗ੍ਰੰਥੀ (ਸ੍ਰੀ ਅਕਾਲ ਤਖਤ ਸਾਹਿਬ ਜੀ) ਸ੍ਰੀ ਅੰਮ੍ਰਿਤਸਰ ਸੰਪਰਕ 84370-03174
ਬਾਪੂ ਜੋਗਿੰਦਰ ਸਿੰਘ ਜੀ ਮੱਤੇਵਾਲ (ਪਿਤਾ ਜੱਥੇਦਾਰ ਜਸਬੀਰ ਸਿੰਘ ਜੀ ਮੱਤੇਵਾਲ ਟਾਟਾ ਨਗਰ ਵਾਲੇ)


### ਨਗਰ ਕੌਂਸਲ ਜੰਡਿਆਲਾ ਗੁਰੂ ਨੇ ਬਰਸਾਤਾਂ ਦੇ ਮੌਸਮ ਨੂੰ ਮੁੱਖ ਰੱਖਦਿਆਂ

## ਨਾਲੇ-ਨਾਲੀਆਂ ਦੀ ਸਫਾਈ ਦੀ ਮੁਹਿੰਮ ਚਲਾਈ : ਜਗਤਾਰ ਸਿੰਘ



**ਜੰਡਿਆਲਾ ਗੁਰੂ, 13 ਜੂਨ ( ਕੁਲਵੰਤ ਸਿੰਘ ਵਿਰਦੀ)**-ਬਰਸਾਤਾਂ ਦੇ ਮੌਸਮ ਨੂੰ ਮੁੱਖ ਰੱਖਦਿਆਂ ਹੋਇਆਂ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)ਅੰਮ੍ਰਿਤਸਰ ਵੱਲੋ ਦਿੱਤੇ ਗਏ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਸ਼ਹਿਰ ਜੰਡਿਆਲਾ ਗੁਰੂ ਅੰਦਰ ਪੈਂਦੇ ਨਾਲਿਆ ਦੀ ਸਫਾਈ ਕਰਨ ਸੰਬੰਧੀ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਮੌਕੇ ਕਾਰਜ ਸਾਧਕ ਅਫਸਰ ਸ੍ਰ ਜਗਤਾਰ ਸਿੰਘ ਅਤੇ ਸੰਕਲਪ ਸੈਨੇਟਰੀ ਇੰਸਪੈਕਟਰ ਮੌਜੂਦ ਸਨ ਉਹਨਾਂ ਵੱਲੋਂ ਸ਼ਹਿਰ ਵਾਸੀਆ ਨੂੰ ਅਪੀਲ ਕੀਤੀ ਗਈ ਕਿ ਆਪਣੇ ਘਰਾਂ ਵਿੱਚੋ ਨਿਕਲਣ ਵਾਲਾ ਕੂੜਾ-ਕਰਕਟ ਬਜ਼ਾਰਾਂ ਵਿੱਚ ਅਤੇ ਨਾ ਹੀ ਬਾਹਰ ਇੱਧਰ-ਉੱਧਰ ਸੁੱਟਿਆ ਜਾਵੇ ਕਿਉਂਕਿ ਜਦੋਂ ਬਰਸਾਤਾਂ ਹੁੰਦੀਆਂ ਹਨ ਜਾਂ ਹਨੇਰੀਆਂ ਵਗੈਰਾ ਆਉਂਦੀਆਂ ਹਨ ਤਾਂ ਤੁਹਾਡਾ ਸੁੱਟਿਆ ਹੋਇਆ ਕੂੜਾ ਕਰਕਟ ਨਾਲੇ-ਨਾਲੀਆਂ ਵਿੱਚ ਫਸ ਜਾਂਦਾ ਹੈ ਅਤੇ ਬਰਸਾਤਾਂ ਦੇ ਪਾਣੀ ਨੂੰ ਰੋਕ ਲਗ ਜਾਂਦੀ ਹੈ ਜਿਸ ਨਾਲ ਜਿੱਥੇ ਆਮ ਜਨਜੀਵਨ ਤੇ ਅਸਰ ਪੈਂਦਾ ਹੈ ਉੱਥੇ ਕੂੜਾ ਕਰਕਟ ਸੁੱਟਣ ਵਾਲੇ ਨੂੰ ਵੀ ਇਸ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ 9 ਅੱਗੇ ਉਨ੍ਹਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸਗੋ ਆਪਣੇ ਘਰਾਂ/ਦੁਕਾਨਾਂ ਦਾ ਕੂੜਾ-ਕਰਕਟ ਨਗਰ ਕੌਂਸਲ ਵੱਲੋ ਭੇਜੇ ਜਾਂਦੇ ਵੇਸਟ ਕੁਲੈਕਟਰਾਂ ਨੂੰ ਹੀ ਦਿੱਤਾ ਜਾਵੇ ਤਾਂ ਸ਼ਹਿਰ ਨੂੰ ਸਾਫ-ਸੁਥਰਾ ਰੱਖਿਆ ਜਾ ਸਕੇ ਅਤੇ ਇਲਾਕੇ ਵਿੱਚ ਸ਼ਹਿਰ ਦੀ ਸੁੰਦਰਤਾ ਪ੍ਰਤੀ ਸ਼ਹਿਰ ਵਾਸੀ ਵੀ ਹਿੱਸਾ ਬਣ ਸਕਣ ।

ਆਵਾਜ਼ਿ ਕੌਮ AWAZE QAUM International Newspaper & WEB TV

## ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਤਰਸੇਮ ਸਿੰਘ ਨੇ ਅਕਾਲਗੜ੍ਹ ਢਪੱਈਆਂ ਦਾ ਕੀਤਾ ਦੌਰਾ

### ਸਰਪ੍ਰੀਤ ਸਿੰਘ ਸਰਕਾਰੀਆ ਤੇ ਸਾਥੀਆਂ ਨੇ ਸਨਮਾਨਿਤ ਕੀਤਾ



**ਜੰਡਿਆਲਾ ਗੁਰੂ, 13 ਜੂਨ (ਕੁਲਵੰਤ ਸਿੰਘ ਵਿਰਦੀ)**-ਹਲਕਾ ਖਡੂਰ ਸਾਹਿਬ ਦੀਆਂ ਸਮੂਹ ਸੰਗਤਾਂ ਦਾ ਅਸੀਂ ਦੇਣ ਕਦੀ ਵੀ ਨਹੀਂ ਦੇ ਸਕਦੇ ਜਿੰਨਾ ਨੇ ਮੇਰੇ ਪੁੱਤਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਨੂੰ ਆਪਣਾ ਪੁੱਤਰ ਸਮਝ ਕੇ ਭਾਰੀ ਬਹੁਮਤ ਨਾਲ ਜਿਤਾਇਆ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਐਮਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਬਾਪੂ ਭਾਈ ਤਰਸੇਮ ਸਿੰਘ ਤੇ ਸਰਪ੍ਰੀਤ ਸਿੰਘ ਸਰਕਾਰੀਆ ਨੇ ਪਿੰਡ ਅਕਾਲਗੜ੍ਹ ਢਪੱਈਆਂ ਵਿਖੇ ਧੰਨਵਾਦੀ ਦੌਰੇ ਦੌਰਾਨ ਪਿੰਡ ਦੇ ਸਰਪੰਚ ਬੀਬੀ ਰਜਿੰਦਰ ਕੌਰ ਸਰਕਾਰੀਆ ਦੇ ਗ੍ਰਹਿ ਵਿਖੇ ਪੱਤਰਕਾਰਾਂ ਦੀ ਟੀਮ ਨਾਲ ਗੱਲਬਾਤ ਦੌਰਾਨ ਕੀਤਾ ਅੱਗੇ ਉਹਨਾਂ ਕਿਹਾ ਕਿ ਅੱਜ ਅਸੀਂ ਪਿੰਡ ਅਕਾਲਗੜ੍ਹ ਦੀਆਂ ਸਮੂਹ ਸੰਗਤਾਂ ਦਾ ਅਤੇ ਸਰਪੰਚ ਬੀਬੀ ਰਜਿੰਦਰ ਕੌਰ ਜੀ ਦੇ ਸਮੂਹ ਪਰਿਵਾਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਬਗੈਰ ਕਿਸੇ ਵੀ ਤਰ੍ਹਾਂ ਦੇ ਲਾਲਚ ਦੇ ਉਹਨਾਂ ਦਾ ਸਾਥ ਦਿੱਤਾ ਅਤੇ ਭਾਈ ਸਾਹਬ ਨੂੰ ਭਾਰੀ ਲੀਡ ਨਾਲ ਜਿਤਾਇਆ ਇਸ ਮੌਕੇ ਤੇ ਸਰਪੰਚ ਬੀਬੀ ਰਜਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਸ੍ਰ ਸਰਪ੍ਰੀਤ ਸਿੰਘ, ਅਤੇ ਹੋਰ ਪਿੰਡ ਵਾਸੀਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਇਸ ਉਪਰੰਤ ਭਾਈ ਤਰਸੇਮ ਸਿੰਘ ਨੇ ਪਿੰਡ ਅਕਾਲਗੜ੍ਹ ਢਪੱਈਆਂ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ, ਅਤੇ ਗੁਰੂ ਸਾਹਿਬ ਜੀ ਦੇ ਘਰ ਤੋਂ ਲੰਗਰ ਪ੍ਰਸ਼ਾਦਾ ਛਕਿਆ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਜਲਦੀ ਹੀ ਸਾਰੇ ਹਲਕੇ ਦਾ ਧੰਨਵਾਦੀ ਦੌਰਾ ਕਰਨਗੇ ਇਸ ਮੌਕੇ ਤੇ ਮਨਪ੍ਰੀਤ ਸਿੰਘ, ਬਾਬਾ ਸੁੱਖਾ ਸਿੰਘ, ਅਮਨਦੀਪ ਸਿੰਘ ਡੱਡੂਆਣਾ, ਮੰਗਲ ਸਿੰਘ ਅਮਨਦੀਪ ਸਿੰਘ, ਜੋਬਨਜੀਤ ਸਿੰਘ ਖਜਾਲਾ, ਸ਼ਰਨਬੀਰ ਸਿੰਘ, ਸਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਜਥੇਦਾਰ ਬਲਵੰਤ ਸਿੰਘ ਪੰਡੋਰੀ, ਹਰਪ੍ਰੀਤ ਸਿੰਘ ਜੌਹਲ, ਬਿੱਲਾ ਜੰਮੂ ਨਵਾਂ ਪਿੰਡ ਅਤੇ ਹੋਰ ਵੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਸਾਡੇ ਫਾਰਮਰ ਐਡੀਸ਼ਨਲ ਐਡਵੋਕੇਟ ਜਨਰਲ ਸ. ਸ਼ਿੰਦਰਪਾਲ ਸਿੰਘ ਬਰਾੜ ਦੇ ਸਪੁੱਤਰ ਜੁਪਿੰਦਰਪਾਲ ਸਿੰਘ ਦੀ ਧਰਮ ਸੁਪਤਨੀ ਬੀਬਾ ਹਰਮਨਜੀਤ ਕੌਰ ਦੇ ਸਤਿਕਾਰਯੋਗ ਪਿਤਾ ਸ. ਪਰਮਜੀਤ ਸਿੰਘ ਗਰੇਵਾਲ (ਜ਼ੁਲਮਗੜ) ਦੀ

# ਅੰਤਿਮ ਅਰਦਾਸ ਮੌਕੇ ਪੰਥਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸ਼ਖਸੀਅਤਾਂ ਨੇ ਲਗਵਾਈ ਹਾਜ਼ਰੀ












ਸਾਡੇ ਫਾਰਮਰ ਐਡੀਸ਼ਨਲ ਐਡਵੋਕੇਟ ਜਨਰਲ ਸ. ਸ਼ਿੰਦਰਪਾਲ ਸਿੰਘ ਬਰਾੜ ਦੇ ਸਪੁੱਤਰ ਜੁਪਿੰਦਰਪਾਲ ਸਿੰਘ ਦੀ ਧਰਮ ਸੁਪਤਨੀ ਬੀਬਾ ਹਰਮਨਜੀਤ ਕੌਰ ਦੇ ਸਤਿਕਾਰਯੋਗ ਪਿਤਾ ਸ. ਪਰਮਜੀਤ ਸਿੰਘ ਗਰੇਵਾਲ (ਜ਼ੁਲਮਗੜ) ਦੀ ਅੰਤਿਮ ਅਰਦਾਸ 11 ਜੂਨ 2024 ਨੂੰ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ ਸਰਧਾਜ਼ਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਆਗੂ ਅਤੇ ਸਿੱਖ ਸੰਗਤਾਂ,ਜਥੇਦਾਰ ਦਾਦੂਵਾਲ ਜੀ ਨੂੰ ਸਨਮਾਨਿਤ ਕਰਦੇ ਹੋਏ ਸ.ਮਲਕੀਤ ਸਿੰਘ ਚੰਗਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਗਤਾਂ ਨੇ ਕੀਤੇ ਗੁਰੂ ਘਰ ਦੇ ਦਰਸ਼ਨ ਦੀਦਾਰੇ





**ਫ਼ਿਰੋਜ਼ਪੁਰ, 13 ਜੂਨ (ਮਨੋਹਰ ਲਾਲ) :—** ਸੰਗਤਾਂ ਨੂੰ ਗੁਰੂ ਘਰ ਨਾਲ ਜੋੜਣ ਦਾ ਯਤਨ ਕਰਦੀ ਆ ਰਹੀ ਸੰਸਥਾ ਵੱਲੋਂ ਬੀਤੇ ਦਿਨ ਸ਼ੁਕਰਾਨੇ ਵਾਸਤੇ ਬੱਸ ਯਾਤਰਾ ਸ੍ਰੀ ਤਰਨ ਤਾਰਨ ਸਾਹਿਬ ਸ੍ਰੀ ਖੰਡੂਰ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਰਵਾਨਾ ਕੀਤੀ ਗਈ। ਇਸ ਬੱਸ ਵਿਚ ਯਾਤਰਾ ਤੇ ਗਈ ਸੰਗਤ ਨੇ ਪਵਿੱਤਰ ਅਸਥਾਨਾਂ ਦੇ ਖੁੱਲੇ ਦਰਸ਼ਨ ਦੀਦਾਰੇ ਕੀਤੇ ਅਤੇ ਬੋਲੀ ਸਾਹਿਬ ਜੀ ਦੇ ਇਸ਼ਨਾਨ ਕਰਕੇ ਆਪਣਾ ਜੀਵਨ ਵਡਭਾਗਾ ਬਣਾਇਆ। ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ ਫ਼ਿਰੋਜ਼ਪੁਰ ਪੁੱਜੀ ਸੰਗਤ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੋਟਨ—ਕੋਟ ਧੰਨਵਾਦ ਕੀਤਾ। ਆਗੂਆਂ ਨੇ ਦੱਸਿਆ ਕਿ ਇਸ ਦੌਰਾਨ ਗੁਰਦੁਆਰਾ ਮਾਈ ਰਾਮ ਦੇਵੀ ਜੀ ਦੇ ਪ੍ਰਧਾਨ ਅਤੇ ਗ੍ਰੰਥੀ ਭਾਈ ਅਵਤਾਰ ਸਿੰਘ ਫੌਜ਼ੀ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਖਡੂਰ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ।

## ਗੁਰਦੁਆਰਾ ਮਾਈ ਰਾਮ ਦੇਵੀ ਵਿਖੇ

# 41 ਦਿਨ ਹੋਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ





**ਫ਼ਿਰੋਜ਼ਪੁਰ, 13 ਜੂਨ (ਮਨੋਹਰ ਲਾਲ) :—** ਗੁਰਦੁਆਰਾ ਮਾਈ ਰਾਮ ਦੇਵ ਜੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ 41 ਦਿਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਗਏ, ਜੋ ਲਗਾਤਾਰ ਰੋਜ਼ਾਨਾ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਪੁੱਜ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਜਾਂਦੇ ਰਹੇ ਅਤੇ ਇਸ ਉਪਰੰਤ 10 ਜੂਨ ਨੂੰ ਭੋਗ ਪਾਏ ਗਏ। ਭੋਗ ਉਪਰੰਤ ਭਾਈ ਅਵਤਾਰ ਸਿੰਘ ਫੌਜੀ, ਬੀਬੀ ਕੁਲਤਾਰ ਕੌਰ ਅਤੇ ਅਰਸ਼ਦੀਪ ਕੌਰ ਵੱਲੋਂ ਆਈ ਸੰਗਤ ਨੂੰ ਕੀਰਤਨ ਨਾਲ ਮੰਤਰ ਮੁਗਧ ਕੀਤਾ ਗਿਆ। ਸ਼ਹੀਦੀ ਗੁਰਪੁਰਬ ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਸੇਵਾ ਜਤਿੰਦਰ ਸਿੰਘ ਦੇ ਪਰਿਵਾਰ ਵੱਲੋਂ ਕੀਤੀ ਗਈ, ਜਿਨ੍ਹਾਂ ਦੇ ਪਰਿਵਾਰ ਨੂੰ ਸਮਾਪਤੀ ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ, ਮੀਤ ਪ੍ਰਧਾਨ ਹਰਦੀਪ ਸਿੰਘ ਭੱਲਾ, ਸੀਨੀਅਰ ਮੀਤ ਪ੍ਰਧਾਨ ਸ਼ਿਵੰਦਰ ਸਿੰਘ ਪਾਪੜਾਂ ਵਾਲੇ, ਖਜਾਨਚੀ ਸਰਬਜੀਤ ਸਿੰਘ ਪਾਪੜਾਂ ਵਾਲੇ, ਸਕੱਤਰ ਬੀਬੀ ਜ਼ਸਵੰਤ ਕੌਰ, ਜਗਜੀਤ ਸਿੰਘ ਬਾਵਾ, ਨਰਿੰਦਰਪਾਲ, ਇਕਬਾਲ ਸਿੰਘ, ਸ਼ੇਰ ਜਗਜੀਤ ਸਿੰਘ, ਸੋਨੂੰ ਬਾਵਾ, ਸੁਖਵਿੰਦਰ ਸਿੰਘ ਅਤੇ ਕਈ ਹੋਰ ਮੈਂਬਰ ਮੌਜੂਦ ਸਨ। ਜਿਸ ਉਪਰੰਤ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਈ ਸੰਗਤ ਨੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

# ਮੋਘਿਆਂ ਦੇ ਸਾਈਜ਼ ਸਹੀ ਕਰਵਾਉਣ ਲਈ ਕਿਸਾਨਾਂ ਵੱਲੋਂ ਧਰਨਾ ਤੀਸਰੇ ਦਿਨ ਵੀ ਜਾਰੀ



**ਤਲਵੰਡੀ ਸਾਬੋ, 13 ਜੂਨ (ਗੁਰਜੰਟ ਸਿੰਘ ਨਥੇਹਾ)-** ਪਿੰਡ ਰਾਮਸਰਾ ਅਤੇ ਰਾਮਾਂ ਪਿੰਡ ਦੇ ਕਿਸਾਨਾਂ ਵੱਲੋਂ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਨਹਿਰੀ ਪਾਣੀ ਦੇ ਮੋਘਿਆਂ ਦੇ ਸਾਈਜ਼ ਘੱਟ ਕਰਨ ਅਤੇ ਸੂਏ ਵਿੱਚ ਠੱਲ ਬਣਾਉਣ ਕਰਕੇ ਭਾਕਿਯੂ ਏਕਤਾ ਡਕੌਂਦਾ ਦੀ ਅਗਵਾਈ ਹੇਠ ਧਰਨਾ ਦਿੱਤਾ ਰਿਹਾ ਹੈ। ਜਿਹੜਾ ਕਿ ਅਜੇ ਤੱਕ ਵੀ ਜਾਰੀ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਸੂਬਾ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਇੱਕ ਪਾਸੇ ਤਾਂ ਸੂਬੇ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਫੋਕੇ ਬਿਆਨ ਦੇਕੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ਕਿ ਨਹਿਰੀ ਪਾਣੀ ਅਸੀਂ ਵਾਧੂ ਕਰ ਦਿੱਤਾ ਪ੍ਰੰਤੂ ਦੂਜੇ ਪਾਸੇ ਕਿਸਾਨ ਪਾਣੀ ਲਈ ਧਰਨਿਆਂ ’ਤੇ ਬੈਠੇ ਹਨ। ਆਗੂਆਂ ਨੇ ਕਿਹਾ ਕਿ ਜੇਕਰ ਪਾਣੀ ਪੂਰਾ ਹੋਵੇ ਫਿਰ ਕਿਸਾਨਾਂ ਨੂੰ ਧਰਨਿਆਂ ਤੇ ਵਰ੍ਹਦੀ ਲੋਅ ਅਤੇ ਕੰਮ ਦੀ ਰੁੱਤ ਵਿੱਚ ਬੈਠਣ ਦਾ ਕੋਈ ਸ਼ੌਂਕ ਨਹੀਂ ਹੈ। ਕਿਸਾਨ ਆਗੂਆਂ ਨੇ ਨਹਿਰੀ ਵਿਭਾਗ ਨੂੰ ਚਿਤਾਵਨੀ ਭਰੇ ਲਹਿਜੇ ਵਿਚ ਕਿਹਾ ਕਿ ਮੋਘਿਆਂ ਦੇ ਸਾਈਜ਼ ਸਹੀ ਕਰਵਾਏ ਜਾਣ ਨਹੀਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਬੂਟਾ ਸਿੰਘ ਰਾਮਸਰਾ, ਗੁਰਤੇਜ ਸਿੰਘ, ਰਾਜਵਿੰਦਰ ਸਿੰਘ, ਹਰਵਿੰਦਰ ਸਿੰਘ, ਹਰਸ਼ਦੇਵ ਸਿੰਘ, ਗੁਰਦੀਪ ਸਿੰਘ, ਗੁਰਦੇਵ ਸਿੰਘ, ਨਾਇਬ ਸਿੰਘ, ਜਗਜੀਤ ਸਿੰਘ ਤਰਖਾਣ ਵਾਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

# ਮੁਲਾਜ਼ਮ ਮੰਗਾਂ ਸਬੰਧੀ ਨਿਗਰਾਨ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਨਾਲ ਹੋਈ ਮੀਟਿੰਗ



**ਫ਼ਿਰੋਜ਼ਪੁਰ, 13 ਜੂਨ (ਮਨੋਹਰ ਲਾਲ) :—** ਸਟੇਟ ਕਰਮਚਾਰੀ ਦਲ ਫਿਰੋਜ਼ਪੁਰ ਵੱਲੋਂ ਬਲਵੀਰ ਸਿੰਘ ਕੰਬੋਜ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਹੇਠ ਨਿਗਰਾਨ ਇੰਜੀਨੀਅਰ ਸੈਂਟਰ ਵਰਕਸ ਨਾਲ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕੀਤੀ। ਮੀਟਿੰਗ ਵਿੱਚ ਨਿਗਰਾਨ ਇੰਜੀਨੀਅਰ ਇੰਦਰਜੀਤ ਸਿੰਘ, ਮੁਕੇਸ਼ ਕੁਮਾਰ ਸੁਪਰਡੈਂਟ ਤੋਂ ਇਲਾਵਾ ਸਟੇਟ ਕਰਮਚਾਰੀ ਦਲ ਫਿਰੋਜਪੁਰ ਦੇ ਪ੍ਰਧਾਨ ਤਰਸੇਮ ਲਾਲ ਬੇਦੀ, ਆਲ ਇੰਪਲਾਈਜ ਕੋਆਰਡੀਨੇ ਕਮੇਟੀ ਫਿਰੋਜਪੁਰ ਦੇ ਜਨਰਲ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ, ਸਵਰਨ ਸਿੰਘ, ਓਮ ਪ੍ਰਕਾਸ਼ ਆਦਿ ਮੈਂਬਰ ਸ਼ਾਮਿਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਤਰਸੇਮ ਬੇਦੀ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਮੀਟਿੰਗ ਬੜੇ ਸੁਹਾਵਣੇ ਰੂਪ ਵਿਚ ਹੋਈ, ਜਿਸ ਵਿਚ ਮੁਲਾਜ਼ਮ ਮੰਗਾਂ ਬਾਰੇ ਵਿਸਥਾਰ ਪੂਰਵਕ ਚਰਚਾ ਕਰਕੇ ਇਨ੍ਹਾਂ ਦੇ ਨਿਪਟਾਰੇ ਲਈ ਰੂਪ ਰੇਖਾ ਉਲੀਕੀ ਗਈ। ਉਨ੍ਹਾਂ ਦੱਸਿਆ ਕਿ ਕਿ ਮੁਲਾਜ਼ਮਾਂ ਵੱਲੋਂ ਦਿੱਤੇ ਅਜੰਡੇ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਨਿਗਰਾਨ ਇੰਜੀਨੀਅਰ ਵਲੋਂ ਕੁਝ ਮੰਗਾਂ ਉਪਰ ਮੌਕੇ ਤੇ ਹਦਾਇਤਾਂ ਜਾਰੀ ਕੀਤੀਆਂ ਅਤੇ ਬਾਕੀਆਂ ਮੰਗਾਂ ਬਾਰੇ ਯੂਨੀਅਨ ਨੂੰ ਭਰੋਸਾ ਦਿੱਤਾ ਕਿ ਮੁਲਾਜ਼ਮਾਂ ਦੀਆਂ ਮੰਗਾਂ ਜਲਦੀ ਤੋਂ ਜਲਦੀ ਹੱਲ ਕੀਤੀਆਂ ਜਾਣਗੀਆਂ।

# ਮਨਦੀਪ ਸਿੰਘ ਬਣੇ ਸ਼ਿਵ ਸੈਨਾ ਪਾਰਟੀ ਦੇ ਜ਼ਿਲਾ ਮੀਤ ਪ੍ਰਧਾਨ



**ਫ਼ਿਰੋਜ਼ਪੁਰ, 13 ਜੂਨ (ਮਨੋਹਰ ਲਾਲ) :—** ਸ਼ਿਵਸੈਨਾ ਪਾਰਟੀ ਦੇ ਪੰਜਾਬ ਮੀਤ ਪ੍ਰਧਾਨ ਮਿੰਕੂ ਚੌਧਰੀ ਦੀ ਅਗਵਾਈ ਹੇਠ ਪਾਰਟੀ ਦਫਤਰ ਫਿਰੋਜਪੁਰ ਸ਼ਹਿਰ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਪਾਰਟੀ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਮਨਦੀਪ ਸਿੰਘ ਨੂੰ ਜਿੰਮੇਵਾਰੀ ਸੌਂਪਦਿਆਂ ਜਿਲ੍ਹਾ ਫਿਰੋਜ਼ਪੁਰ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਤੇ ਮਨਦੀਪ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਪਾਰਟੀ ਲਈ ਦਿਨ ਰਾਤ ਇੱਕ ਕਰਕੇ ਪਾਰਟੀ ਦੇ ਹਿੱਤਾਂ ਲਈ ਕੰਮ ਕਰਨਗੇ ਅਤੇ ਫਿਰੋਜ਼ਪੁਰ ਵਿੱਚ ਗਰੀਬ ਲੋਕਾਂ ਦੀ ਆਵਾਜ਼ ਬੰਨਣਗੇ।